ਮੁੱਲ 35/-

ਭਾਈ ਦਿੱਤ ਸਿੰਘ ਪੱਤ੍ਰਿਕਾ

ਅੰਕ 121 ਸਾਲ 11 6 ਜਨਵਰੀ 2020 (ਮਾਸਿਕ, ਪੰਜਾਬੀ) ਕੁੱਲ ਪੰਨੇ 48



ਪੰਥ ਰਤਨ
ਗਿਆਨੀ ਦਿੱਤ ਸਿੰਘ ਜੀ
21 ਅਪ੍ਰੈਲ 1850 - 6 ਸਤੰਬਰ 1901

ਉਹੀ ਤਾਂ ਗੁਰੂ ਗੋਬਿੰਦ ਸਿੰਘ ਹੈ

ਉਹ ਹੈ ਮਾਤਾ ਗੁਜਰੀ ਦਾ ਲਾਲ
ਦੁਨੀਆ ਕਹੇ ਸਾਹਿਬ-ਏ-ਕਮਾਲ
ਉਹੀ ਤਾਂ ਗੁਰੂ ਗੋਬਿੰਦ ਸਿੰਘ ਹੈ।
ਉਹ ਦੀ ਹਰ ਖੇਡ ਨਿਰਾਲੀ ਸੀ
ਉਹ ਵਾਕਿਆ ਦੁਨੀਆ ਦਾ ਵਾਲੀ ਸੀ
ਸਿੱਖੀ ਉਹਨੇ ਅੱਖਾਂ ਸਾਹਵੇਂ ਪਾਲੀ ਸੀ
ਬਚਪਨ 'ਚ ਲਈ ਸੀ ਜ਼ਿਮੇਂਵਾਰੀ ਸੰਭਾਲ
ਉਹੀ ਤਾਂ ਗੁਰੂ ਗੋਬਿੰਦ ਸਿੰਘ ਹੈ।
ਪਿਤਾ ਸ਼ਹੀਦ ਕਰਾਕੇ,
ਪਹਿਲਾ ਫਰਜ਼ ਨਿਭਾਇਆ
ਨਾਨਕ ਦੇ ਨਿਰਮਲ ਪੰਥ ਨੂੰ
ਖਾਲਸਾ ਪੰਥ ਬਣਾਇਆ
ਖੰਡੇ ਦੀ ਪਹੁਲ ਲੈ ਕੇ ਆਪੇ ਗੁਰੂ ਚੇਲਾ ਅਖਵਾਇਆ
ਉਹ ਦੀ ਸੀ ਹਰ ਨਿਰਾਲੀ ਚਾਲ
ਉਹੀ ਤਾਂ ਗੁਰੂ ਗੋਬਿੰਦ ਸਿੰਘ ਹੈ।
ਅਨੰਦਪੁਰ ਦੇ ਕਿਲ੍ਹੇ ਨੂੰ ਸੀ ਘੇਰਾ ਪੈ ਗਿਆ
ਕਿਲ੍ਹਾ ਆਖਰ ਸੀ ਛਡਨਾ ਪੈ ਗਿਆ
ਸਰਸਾ ਤੇ ਆ ਕੇ ਪਰਿਵਾਰ ਵਿਛੋੜਾ ਪੈ ਗਿਆ
ਨਦੀ ਦੀ ਭੇਟ ਚੜ ਗਿਆ ਸੀ ਕੀਮਤੀ ਮਾਲ
ਉਹੀ ਤਾਂ ਗੁਰੂ ਗੋਬਿੰਦ ਸਿੰਘ ਹੈ।
ਸਰਹਿੰਦ ਦੀਵਾਰ 'ਚ ਚਿਣੇ ਗਏ
ਮਾਂ ਗੁਜਰੀ ਸ਼ਹੀਦੀ ਪਾ ਗਏ
10 ਲੱਖ ਨਾਲ 40 ਸਿੰਘ ਲੜ ਕੇ
ਇਕ ਇਤਿਹਾਸ ਬਣਾ ਗਏ
ਖਾਲਸੇ ਕੀਤਾ ਹੁਕਮ ਤੇ ਤਾੜੀ ਮਾਰ ਤੁਰ ਗਏ
ਤੇ ਸਾਰੇ ਬੋਲ ਪੁਗਾ ਗਏ
ਖੁਸ਼ ਰਹੇ ਸੀ ਭਾਣੇ 'ਚ ਉਹ ਹਰ ਹਾਲ।

ਪ੍ਰਿੰ: ਨਸੀਬ ਸਿੰਘ ਕਲੌੜ

ਅੰਦਰ ਪੜ੍ਹੋ ਸੰਪਾਦਕੀ

ਬਾਬੇ ਨਾਨਕ ਦੇ ਨਿਰਮਲ ਪੰਥ ਨੂੰ ਸਾਹਿਬੇ-ਏ-ਕਮਾਲ ਗੁਰੂ ਗੋਬਿੰਦ ਸਿੰਘ ਜੀ ਨੇ ਖੰਡੇ ਦੀ ਪਾਹੁਲ ਨਾਲ ਖਾਲਸਾ ਪੰਥ ਸਾਜ ਕੇ ਦੁਨੀਆਂ ਦੇ ਧਰਮਾਂ ਵਿਚੋਂ ਇਕ ਲਾਸਾਨੀ, ਅਣਖੀ ਅਤੇ ਬਹਾਦਰ ਰੂਪ ਦੇ ਕੇ ਇਕ ਨਵਾਂ-ਨਰੋਆ ਧਰਮ ਸਿਰਜਿਆ।

ਭਾਈ ਦਿੱਤ ਸਿੰਘ ਪੱਤ੍ਰਿਕਾ ਦੀ 11 ਸਾਲ ਵਿੱਚ ਦਾਖਲ ਹੋਣ ਤੇ ਸਮੂਹ ਲੇਖਕਾਂ ਅਤੇ ਪਾਠਕਾਂ ਨੂੰ ਵਧਾਈਆਂ

ਪੱਤ੍ਰਿਕਾ ਇੰਟਰਨੈੱਟ 'ਤੇ ਪੜ੍ਹੀ ਜਾ ਸਕਦੀ ਹੈ: http://bhaiditsinghpatrika.blogspot.in/
ਲੇਖਕ ਆਪਣੀਆਂ ਰਚਨਾਵਾਂ ਈ-ਮੇਲ ਦੇ ਭੇਜਣ: bhaiditsinghpatrikachd@gmail.com bhaiditsinghpatrika@yahoo.com

ਕਰਮ-ਕਾਂਡਾਂ ਤੋਂ ਬਾਜ਼ ਨਹੀਂ ਆਉਂਦਾ।



ਕਰਮ-ਕਾਂਡਾਂ ਤੋਂ ਬਾਜ਼ ਨਹੀਂ ਆਉਂਦਾ,
ਬਾਬੇ ਨਾਨਕ ਦਾ ਪਰ ਸਿੱਖ ਕਹਾਉਂਦਾ।
ਗੁਰੂ ਦਾ ਲੰਗਰ ਰਾਸ ਨਾ ਆਵੇ,
ਗੁੱਗੇ ਦੇ ਜਾ ਕੇ ਰੋਟ ਪਕਾਉਂਦਾ।
ਰੁਮਾਲਾ ਸਾਹਿਬ ਦੀ ਸੋਝੀ ਹੈ ਨਹੀਂ,
ਦਰਗਾਹ ਤੇ ਚਾਦਰ ਹਰੀ ਚੜ੍ਹਾਉਂਦਾ।
ਗੁਰਬਾਣੀ ਸ਼ਬਦਾਂ ਤੋਂ ਦੂਰ ਹੋ ਗਿਆ,
ਮਾਤਾ ਦੀਆਂ ਭੇਟਾ ਹੱਸ ਕੇ ਗਾਉਂਦਾ।
ਸ਼ਰਾਧ ਕਰਾਵੇਂ ਤੂੰ ਜਠੇਰੇ ਵੀ ਪੂਜੇਂ,
ਸਮਾਧਾਂ ਤੇ ਅਖੰਡ ਪਾਠ ਕਰਾਉਂਦਾ।

ਲੰਮੀ ਉਮਰ ਦਾ ਤੂੰ ਪਾ ਕੇ ਭੁਲੇਖਾ,
ਪਤਨੀ ਤੋਂ ਕਰੂਏ ਦਾ ਵਰਤ ਰਖਾਉਂਦਾ।
ਤੈਨੂੰ ਗੁਰੂਆਂ ਦੇ ਗੁਰਪੁਰਬ ਭੁੱਲ ਗਏ,
ਲੋਹੜੀ, ਰੱਖੜੀ, ਹੋਲੀ ਖ਼ੂਬ ਮਨਾਉਂਦਾ।
ਜਾਗਦੀ ਜੋਤ ਗੁਰੂ ਗ੍ਰੰਥ ਨੂੰ ਤੂੰ ਛੱਡਕੇ,
ਕਰਮ-ਕਾਂਡਾਂ ਨੂੰ ਹੀ ਰੱਬ ਬਣਾਉਂਦਾ।
ਸੱਚਾ ਸਿੱਖ ਬਣਨਾ ਨਹੀਂ ਭਾਉਂਦਾ ਤੈਨੂੰ,
ਲਾਲਾਂ ਵਾਲੇ ਦਾ ਤੂੰ ਭਗਤ ਸਦਾਉਂਦਾ।
ਗੁਰੂ ਗ੍ਰੰਥ ਸਾਹਿਬ ਦੇ ਲੜ ਲੱਗ ਕੇਤੇ,
ਨਸੀਬ ਕਿਉਂ ਨਹੀਂ ਜੱਭ ਮੁਕਾਉਂਦਾ।

ਪ੍ਰਿੰ: ਨਸੀਬ ਸਿੰਘ ਕਲੌੜ

ਦਸੰਬਰ 2019 ਮਹੀਨੇ ਦੇ ਦਾਨੀਆਂ ਦੀ ਸੂਚੀ

1. ਸ਼੍ਰੀਮਤੀ ਊਸ਼ਾ ਰਾਣੀ ਸ਼ੇਰ ਸਪੁੱਤਰੀ ਡਾ. ਬਲਦੇਵ ਸਿੰਘ ਸ਼ੇਰ ਪੋਤਰੀ ਪੰਥ ਰਤਨ ਗਿਆਨੀ ਦਿੱਤ ਸਿੰਘ ਜੀ ਅਤੇ ਪਤਨੀ ਪ੍ਰੋ: ਐਸ.ਕੇ. ਲਖਨਪਾਲ, ਸਸਕਾਤੂ ਕਨੇਡਾ.......................... 10,000/-
2. ਜਥੇਦਾਰ ਮਹਿੰਦਰ ਸਿੰਘ ਖਹਿਰਾ ਇੰਗਲੈਂਡ....................................5,000/-
3. ਸ. ਜਸਪਾਲ ਸਿੰਘ ਕੰਵਲ 3100/-
4. ਸ. ਜਸਪਾਲ ਸਿੰਘ ਕਲੌੜ.. 500/-

ਆਈ ਕੁੱਲ ਸਹਾਇਤਾ 18,600/-

ਪੱਤ੍ਰਿਕਾ 'ਤੇ ਦਸੰਬਰ 2019 ਦਾ ਖਰਚਾ ਕੁਲ ਖਰਚਾ 44,560/-

ਵਾਧੂ ਖਰਚਾ 25,960/-

ਸ੍ਰੀ ਗੁਰੂ ਨਾਨਕ ਦੇਵ ਜੀ 550 ਪ੍ਰਕਾਸ਼ ਪੁਰਬ ਦੇ ਸਬੰਧ ਵਿੱਚ ਕਰਵਾਏ ਗਏ ਕਵੀ ਦਰਬਾਰ ਅਤੇ ਸਨਮਾਨ ਸਮਾਰੋਹ ਦਾ ਖਰਚਾ

ਗੁਰੂ ਕੇ ਲੰਗਰ ਦਾ ਖਰਚਾ 9,000/- ਜੋ ਕਿ ਬਲਜੀਤ ਸਿੰਘ ਫਿਡਿਆਂਵਾਲਾ ਅਤੇ ਸੰਪਾਦਕ ਜਸਪਾਲ ਸਿੰਘ ਕੰਵਲ ਨੇ ਅੱਧੋ-ਅੱਧ ਕੀਤਾ। ਸਮਾਗਮ ਦਾ ਖਰਚਾ 19,700/- ਹੋਇਆ ਜਿਸ ਵਿਚੋਂ 14,600/- ਦਾ ਖਰਚਾ ਜਸਪਾਲ ਸਿੰਘ ਕੰਵਲ ਨੇ ਕੀਤਾ।

ਪੱਤ੍ਰਿਕਾ ਦੀ ਸਹਾਇਤਾ ਲਈ

ਸੰਪਾਦਕ ਭਾਈ ਦਿੱਤ ਸਿੰਘ ਪੱਤ੍ਰਿਕਾ
ਖਾਤਾ ਨੰ: 65139724105, IFSCode: SBIN0050435 swift
ਬਰਾਂਚ: ਸਟੇਟ ਬੈਂਕ ਆਫ਼ ਇੰਡੀਆ, ਸਾਖਾ ਕਜਹੇੜੀ, ਚੰਡੀਗੜ੍ਹ



ਭਾਈ ਦਿੱਤ ਸਿੰਘ ਪੱਤ੍ਰਿਕਾ

ਮੁੱਲ 35/- *ਗਿਆਨੀ ਦਿੱਤ ਸਿੰਘ ਮੈਮੋਰੀਅਲ ਟਰੱਸਟ (ਰਜਿ:) ਦੀ ਸਰਪ੍ਰਸਤੀ ਅਧੀਨ*

ਅੰਕ 121 ● ਸਾਲ 11 ● 6 ਜਨਵਰੀ 2020 (ਮਾਸਿਕ,ਪੰਜਾਬੀ) ● ਕੁੱਲ ਪੰਨੇ 48

ਚੰਦਿਆਂ ਦਾ ਵੇਰਵਾ

ਸਮਾਂ	ਦੇਸ਼ 'ਚ	ਵਿਦੇਸ਼ 'ਚ
ਸਾਲਾਨਾ	400/-	$ 70
ਪੰਜ ਸਾਲ	1600/-	$ 350
ਲਾਈਫ ਮੈਂਬਰ	12,000/-	$ 3000

ਤਤਕਰਾ

ਰਚਨਾਵਾਂ ਭੇਜਣ ਲਈ ਪਤਾ: ਭਾਈ ਦਿੱਤ ਸਿੰਘ ਪੱਤ੍ਰਿਕਾ # 712, ਅਨੰਦਪੁਰ ਕੰਪਲੈਕਸ, ਕਜਹੇੜੀ, ਯੂ.ਟੀ.ਚੰਡੀਗੜ੍ਹ-160036 ਫੋਨ: 9465216530

ਈ-ਮੇਲ - bhaiditsinghpatrikachd@gmail.com or bhaiditsinghpatrika@yahoo.com

ਪੱਤ੍ਰਿਕਾ ਇੰਟਰਨੈੱਟ 'ਤੇ ਪੜ੍ਹੀ ਜਾ ਸਕਦੀ ਹੈ: http://bhaiditsinghpatrika.blogspot.in/

ਛਾਪਕ, ਆਰ.ਕੇ. ਸ਼ਰਮਾ ਅਤੇ ਪ੍ਰਕਾਸ਼ਕ ਸ. ਨਸੀਬ ਸਿੰਘ ਸੇਵਕ ਨੇ ਮਾਲਕ ਸ. ਨਸੀਬ ਸਿੰਘ ਸੇਵਕ ਦੇ ਤੌਰ 'ਤੇ ਦੁਰਗਾ ਪ੍ਰਿੰਟ-ਓ-ਪੈਕ ਕਜਹੇੜੀ ਚੰਡੀਗੜ੍ਹ ਫੋਨ: 0172-2667070 ਤੋਂ ਛਪਵਾ ਕੇ 712, ਅਨੰਦਪੁਰ ਕੰਪਲੈਕਸ ਕਜਹੇੜੀ (ਚੰਡੀਗੜ੍ਹ) ਤੋਂ ਪ੍ਰਕਾਸ਼ਿਤ ਕੀਤਾ। ਸੰਪਾਦਕ ਪ੍ਰਿੰ: ਨਸੀਬ ਸਿੰਘ ਸੇਵਕ

ਬਾਬੇ ਨਾਨਕ ਦੇ ਨਿਰਮਲ ਪੰਥ ਨੂੰ ਸਾਹਿਬੇ-ਏ-ਕਮਾਲ ਗੁਰੂ ਗੋਬਿੰਦ ਸਿੰਘ ਜੀ ਨੇ ਖੰਡੇ ਦੀ ਪਾਹੁਲ ਨਾਲ ਖਾਲਸਾ ਪੰਥ ਸਾਜ ਕੇ ਦੁਨੀਆਂ ਦੇ ਧਰਮਾਂ ਵਿਚੋਂ ਇਕ ਲਾਸਾਨੀ, ਅਣਖੀ ਅਤੇ ਬਹਾਦਰ ਰੂਪ ਦੇ ਕੇ ਇਕ ਨਵਾਂ-ਨਰੋਆ ਧਰਮ ਸਿਰਜਿਆ।



ਪ੍ਰਿੰ: ਨਸੀਬ ਸਿੰਘ ਸੇਵਕ

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ (1469 ਈ:) ਤੋਂ ਪਹਿਲਾਂ ਭਾਵ 15 ਵੀਂ ਸਦੀ ਵਿੱਚ ਦੇਸ਼ ਦੇ ਆਰਥਿਕ, ਸਮਾਜਿਕ ਅਤੇ ਧਾਰਮਿਕ ਹਾਲਾਤ ਅੱਤ ਦੇ ਤਰਸਯੋਗ ਸਨ। ਜਿਵੇਂ ਕਿ ਜੇਕਰ ਧਰਮ ਦੇ ਖੇਤਰ ਦੀ ਗੱਲ ਕਰੀਏ ਤਾਂ ਪੰਡਤਾਂ ਦਾ ਗਲਬਾ ਇਨ੍ਹਾਂ ਜੱਟਲ ਸੀ ਕਿ ਆਮ ਜਨਤਾ ਇਨ੍ਹਾਂ ਪੰਡਤਾਂ ਨੂੰ ਹੀ ਰੱਬ ਸਮਜਦੇ ਸਨ। ਪਿਛੇ ਹਜ਼ਾਰਾਂ ਸਾਲਾਂ ਤੋਂ ਪੰਡਤਾਂ ਨੇ ਬਿਪਰਵਾਦੀ ਰੀਤਾਂ ਦੁਆਰਾ ਧਰਮ ਨੂੰ ਕਰਮ-ਕਾਂਡਾਂ, ਪਖੰਡਾਂ, ਅੰਧ ਵਿਸ਼ਵਾਸ਼, ਫੋਕੇ ਕਰਮ-ਕਾਂਡ, ਵਹਿਮ ਭਰਮ ਆਦਿ ਆਪਣੇ ਅਧੀਨ ਕਰਕੇ ਲੋਕਾਂ ਨੂੰ ਮਜ਼ਬੂਰ ਕੀਤਾ ਜਾਂਦਾ ਸੀ। ਕਿ ਉਹ ਇਨ੍ਹਾਂ ਨੂੰ ਹੀ ਆਪਣਾ ਰੱਬ ਸਮਝਣ। ਹੌਲੀ-ਹੌਲੀ ਘਰਾਣਿਆਂ ਮੁਤਾਬਕ ਪਰੋਹਿਤਵਾਦ ਹੋਂਦ ਵਿੱਚ ਆ ਗਿਆ ਅਤੇ ਪੰਡਤਾਂ ਦੀਆਂ ਇਨ੍ਹਾਂ ਚਾਲਾਂ ਨੇ ਲੋਕਾਂ ਨੂੰ ਇਥੋਂ ਤੱਕ ਵਿਸ਼ਵਾਸ਼ ਦੁਆਰਾ ਦਿੱਤਾ ਕਿ ਅਸਲ ਵਿੱਚ ਉਹੀ ਰੱਬ ਹਨ। ਇਹੋ ਜਿਹੇ ਹੋਰ ਬਹੁਤ ਸਾਰੇ ਹੱਥ ਕੰਡੇ ਵਰਤੇ ਜਾ ਰਹੇ ਸਨ ਅਤੇ ਜਨਤਾ ਦਿਨ ਪ੍ਰਤੀ ਦਿਨ ਦੁਰਬਲ ਹੁੰਦੀ ਜਾ ਰਹੀ ਸੀ ਅਤੇ ਲੋਕਾਂ ਦਾ ਸਮਾਜਿਕ, ਸਭਿਆਚਾਰਕ, ਧਾਰਮਿਕ ਅਤੇ ਆਰਥਿਕ ਹਰ ਚੜ੍ਹਦੇ ਸੂਰਜ ਬਦ ਤੋਂ ਬਦਤਰ ਹੁੰਦਾ ਜਾ ਰਿਹਾ ਸੀ। ਅਜਿਹੇ ਮੌਕੇ ਅਕਾਲ ਪੁਰਖ ਨੇ ਇਕ ਰੱਬ ਪੈਗੰਬਰ ਦੇ ਰੂਪ ਵਿੱਚ ਬਾਬੇ ਨਾਨਕ ਦਾ ਪ੍ਰਕਾਸ਼ ਕੀਤਾ। ਜਿਸ ਨਾਲ ਲੋਕਾਂ ਨੂੰ ਕੁਝ ਰਾਹਤ ਦਾ ਅਹਿਸਾਸ ਹੋਇਆ ਅਤੇ ਬਾਬੇ ਨਾਨਕ ਨੇ ਉਪਰੋਕਤ ਦੱਸੇ ਸਾਰੇ ਕਰਮ-ਕਾਂਡਾਂ ਆਦਿ ਨੂੰ ਮੁੱਢੋਂ ਹੀ ਰੱਦ ਕਰਕੇ ਇਕ ਅਕਾਲ ਪੁਰਖ ਦਾ ਹੋਕਾ ਦਿੱਤਾ।

ਸਾਹਿਬੁ ਮੇਰਾ ਏਕੋ ਹੈ॥ ਏਕੋ ਹੈ ਭਾਈ ਏਕੋ ਹੈ॥

ਭਾਈ ਗੁਰਦਾਸ ਜੀ ਨੇ ਵੀ ਇਸ ਦੀ ਪ੍ਰੋੜ੍ਹਤਾ ਕਰਦੇ ਹੋਏ ਆਪਣੀ ਇਕ ਵਾਰ ਵਿੱਚ ਲਿਖਿਆ ਹੈ :

ਮਾਰਿਆ ਸਿੱਕਾ ਜਗਤ ਵਿੱਚ ਨਾਨਕ ਨਿਰਮਲ ਪੰਥ ਚਲਾਇਆ।

ਬਾਬੇ ਨਾਨਕ ਨੇ ਚਾਰ ਉਦਾਸੀਆਂ ਰਾਹੀਂ ਪੂਰੀ ਦੁਨੀਆਂ ਦਾ ਚੱਕਰ ਕੱਟਿਆ। ਵੱਖ-ਵੱਖ ਧਰਮਾਂ ਦੇ ਲੋਕਾਂ ਨਾਲ ਵਿਚਾਰ-ਵਿਟਾਂਦਰਾ ਕੀਤਾ ਅਤੇ ਹਾਲਾਤਾਂ ਤੋਂ ਜਾਣੂ ਹੋਏ। ਬਹੁਤ ਸਾਰੇ ਲੋਕਾਂ ਦਾ ਮੌਕੇ ਤੇ ਉਧਾਰ ਕੀਤਾ। ਨਾਲ ਦੀ ਨਾਲ ਉਹ ਮਨੁੱਖਤਾ ਦੀ ਸੇਧ ਲਈ ਬਾਣੀ ਰੱਚਦੇ ਰਹੇ। ਅਖੀਰ ਵਿੱਚ ਉਹ ਪੂਰੀ ਦੁਨੀਆਂ ਦੀ ਨਬਜ਼ ਪਹਿਚਾਣਦੇ ਹੋਏ ਸ੍ਰੀ ਕਰਤਾਰਪੁਰ ਸਾਹਿਬ ਵਿਖੇ ਆ ਕੇ ਖੇਤੀ ਦਾ ਕੰਮਕਾਰ ਕਰਦੇ ਰਹੇ। ਇਥੇ ਹੀ ਉਨ੍ਹਾਂ ਨੇ ਜਪੁਜੀ ਸਾਹਿਬ ਦੀ ਮਹਾਨ, ਪਵਿੱਤਰ ਰਚਨਾ ਦਾ ਉਚਾਰਣ ਕੀਤਾ। ਜਿਸ ਵਿੱਚ ਕਿ ਇਕ ਨਿਚੋੜ ਦੇ ਤੌਰ ਤੇ ਮਨੁੱਖੀ ਜੀਵਨ ਨਾਲ ਸਬੰਧਤ ਹਰ ਇਕ ਪਹਿਲੂ ਦਾ ਵਰਣਨ ਬਹੁਤ ਹੀ ਸਰਲ ਢੰਗ ਨਾਲ ਪੇਸ਼ ਕੀਤਾ। ਬਾਬੇ ਨਾਨਕ ਦੀਆਂ ਨੌ ਜੋਤਾਂ ਨੇ ਇਸੀ ਤਰਜ਼ 'ਤੇ ਜਬਰਦਬਤ ਹੋਕਾ ਦਿੱਤਾ। ਦਸਵੀਂ ਜੋਤ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜ਼ੁਲਮ ਅਤੇ ਜਬਰ ਦੇ ਖਿਲਾਫ਼ ਲੜਨ ਲਈ 8-9 ਸਾਲ ਦੀ ਉਮਰ ਵਿੱਚ ਹੀ ਜਦੋਂ ਕਿ ਉਨ੍ਹਾਂ ਪਾਸ ਗੁਰੂ ਦੀ ਪਦਵੀ ਵੀ ਨਹੀਂ ਸੀ ਕਸ਼ਮੀਰ ਦੇ ਬ੍ਰਾਹਮਣਾਂ ਦੀ ਫਰਿਆਦ ਸੁਣ ਕੇ ਆਪਣੇ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਆਪਾ ਆਪ ਕੁਰਬਾਨ ਕਰਨ ਲਈ ਤਿਆਰ ਕਰ ਲਿਆ ਸੀ।

ਗੁਰੂ ਗੋਬਿੰਦ ਸਿੰਘ ਜੀ ਬਚਪਨ ਤੋਂ ਹੀ ਇਕ ਸੂਝਵਾਨ ਅਤੇ ਉੱਤਮ ਦੂਰ ਦਿਸ਼ਟੀ ਦੇ ਮਾਲਕ ਸਨ। ਹਾਲਾਤਾਂ ਤੇ ਉਹ ਬੜੀ ਗੰਭੀਰ ਨਜ਼ਰ ਰੱਖਦੇ ਸਨ। ਭਵਿੱਖ ਦੀ ਹਰ ਘੜੀ ਬਾਰੇ ਉਹ ਅਗੇਤਾ ਹੀ ਸੋਚ ਲੈਂਦੇ ਸਨ। ਉਨ੍ਹਾਂ ਨੇ ਹਾਲਾਤਾਂ ਮੁਤਾਬਕ ਬਾਬਾ ਨਾਨਕ ਦੀ ਭਗਤੀ ਦੇ ਨਾਲ-ਨਾਲ ਸ਼ਕਤੀ ਨੂੰ ਜੋੜਣ ਲਈ ਬਹੁਤ ਹੀ ਗੰਭੀਰਤਾ ਨਾਲ ਸੋਚਿਆ ਅਤੇ 30 ਮਾਰਚ 1699 ਈ:

ਤੋਂ ਇਕ ਸਾਲ ਪਹਿਲਾਂ ਹੀ ਖਾਲਸਾ ਪੰਥ ਦੀ ਸਾਜਨਾ ਲਈ ਆਪਣੇ ਮਨ ਵਿੱਚ ਵਿਚਾਰਾਂ ਬਣਾ ਲਾਈਆਂ ਸਨ। ਪੂਰੇ ਦੇਸ਼ ਦੇ ਕੌਨੇ-ਕੌਨੇ ਤੋਂ ਨਾਨਕ ਨਾਮ ਲੇਵਾ ਸਿੱਖਾਂ ਨੂੰ ਸੱਦੇ ਭੇਜੇ ਗਏ ਅਤੇ ਲੋਕੀਂ ਕਈ ਮਹੀਨੇ ਪਹਿਲਾਂ ਹੀ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ਤੇ ਪਹੁੰਚਣੇ ਸ਼ੁਰੂ ਹੋ ਗਏ ਸਨ। ਆਉਣ ਵਾਲੇ ਇਨ੍ਹਾਂ ਲੋਕਾਂ ਨੂੰ ਅਤੇ ਅਨੰਦਪੁਰ ਸਾਹਿਬ ਦੀ ਸੰਗਤ ਨੂੰ ਇਨ੍ਹਾਂ ਕੁ ਪਤਾ ਸੀ ਕਿ ਗੁਰੂ ਜੀ ਨੇ ਕੋਈ ਵੱਡਾ ਸਮਾਗਮ ਕਰਨਾ ਹੈ। ਇਸ ਤੋਂ ਬਿਨ੍ਹਾਂ ਸਭ ਕੁਝ ਗੁਰੂ ਸਾਹਿਬ ਦੇ ਹਿਰਦੇ ਵਿੱਚ ਹੀ ਸੀ। 30 ਮਾਰਚ, 1699 ਦਾ ਦਿਹਾੜਾ ਆ ਗਿਆ ਲੱਖਾਂ ਦੀ ਗਿਣਤੀ ਵਿੱਚ ਲੋਕਾਂ ਦਾ ਸਮੂਹ ਉਮੜਿਆ ਗੁਰੂ ਜੀ ਨੇ ਇਸ ਬੇਅਥਾਹਾ ਲੋਕਾਂ ਦੇ ਅੱਗੇ ਸਟੇਜ ਤੋਂ ਖੜ੍ਹੇ ਹੋ ਕੇ ਇਕ ਅਜਿਬੋ-ਗਰੀਬ ਐਲਾਨ ਕੀਤਾ ਜਿਸ ਨਾਲ ਸਨਾਟਾ ਛਾ ਗਿਆ ਸੀ। ਗੁਰੂ ਜੀ ਦੇ ਮੁਖਾਰ ਬਿੰਦ ਤੋਂ ਇਹ ਐਲਾਨ ਮਿਆਨ ਵਿੱਚੋਂ ਨੰਗੀ ਤਲਵਾਰ ਕੱਢ ਕੇ ਕੀਤਾ ਗਿਆ ਅਤੇ ਇਕ ਸੀਸ ਦੀ ਮੰਗ ਕੀਤੀ ਗਈ ਸੀ। ਹਰ ਵਿਅਕਤੀ ਮੂੰਹ ਵਿੱਚ ਉਗਲਾਂ ਪਾ ਕੇ ਬੈਠ ਗਿਆ ਸੀ। ਕੋਈ ਵੀ ਆਪਣੀ ਜਾਨ ਗੁਆਣ ਲਈ ਅੱਗੇ ਨਹੀਂ ਆਉਣਾ ਚਾਹੁੰਦਾ ਸੀ। ਕੁੱਝ ਸਮੇਂ ਬਾਅਦ ਭਾਈ ਦਇਆ ਰਾਮ ਨੇ ਆਪਣੇ ਆਪ ਨੂੰ ਕੁਰਬਾਨ ਕਰਨ ਲਈ ਪੇਸ਼ ਕੀਤਾ। ਗੁਰੂ ਜੀ ਸਟੇਜ 'ਤੇ ਲੱਗੇ ਤੰਬੂ ਵਿੱਚ ਲੈ ਗਏ ਅਤੇ ਖ਼ੂਨ ਵਿੱਚ ਲੱਥਪੱਥ ਤਲਵਾਰ ਲੈ ਕੇ ਸਟੇਜ ਤੋਂ ਇਕ ਹੋਰ ਸੀਸ ਦੀ ਮੰਗ ਕੀਤੀ। ਇਸੇ ਤਰਜ਼ ਤੇ ਪੰਜ ਮਰਜੀਵੜੇ ਤੰਬੂ ਵਿੱਚ ਪਹੁੰਚ ਚੁੱਕੇ ਸਨ ਅਤੇ ਅੰਤ ਵਿੱਚ ਪਹਿਲਾਂ ਹੀ ਸੋਚੀ-ਸਮਝੀ ਸਕੀਮ ਮੁਤਾਬਕ ਇਕ ਬਾਟੇ ਵਿੱਚ ਪਵਿੱਤਰ ਜਲ ਪਾ ਕੇ ਪੰਜ ਬਾਣੀਆਂ ਦਾ ਪਾਠ ਪੜ੍ਹਨਾ ਸ਼ੁਰੂ ਕੀਤਾ। ਮਾਤਾ ਸਾਹਿਬ ਕੌਰ ਨੇ ਇਸ ਵਿੱਚ ਮਿਠਾਸ ਭਰਨ ਲਈ ਪਤਾਸੇ ਲਿਆ ਕੇ ਪਾਏ ਗਏ। ਪੰਜੇ ਮਰਜੀਵੜੀਆਂ ਨੂੰ ਕੜਾ, ਕਿਰਪਾਨ, ਕਛਹਿਰਾ ਅਤੇ ਕੰਘੇ ਦੀ ਬਖਸ਼ੀਸ਼ ਕੀਤੀ ਗਈ ਜੋ ਕਿ ਗੁਰੂ ਜੀ ਨੇ ਪਹਿਲਾਂ ਹੀ ਤਿਆਰ ਕਰਵਾ ਰੱਖੇ ਸਨ। ਕਕਾਰ ਧਰਨ ਕਰਕੇ ਬਾਟੇ ਦੀ ਪਾਹੁਲ ਲਈ ਇਹ ਪੰਜੇ ਮਰਜਿਵੜੇ ਤਿਆਰ ਹੋ ਗਏ ਸਨ। ਪੰਜ ਬਾਣੀਆਂ ਦੇ ਪਾਠ ਉਪਰੰਤ ਅੰਮ੍ਰਿਤ ਤਿਆਰ ਹੋ ਗਿਆ ਅਤੇ ਗੁਰੂ ਜੀ ਨੇ ਆਪਣੇ ਹੱਥਾਂ ਨਾਲ ਅੰਮ੍ਰਿਤ ਦੀ ਦਾਤ ਬਖਸ਼ਿਸ਼ ਕੀਤੀ ਅਤੇ ਸਾਰਿਆਂ ਨੂੰ ਪਿਆਰੇ ਸ਼ਬਦ ਨਾਲ ਸੰਬੋਧਤ ਕੀਤਾ ਅਤੇ ਹਰ ਇਕ ਦੇ ਨਾਮ ਨਾਲ ਸਿੰਘ ਲਗਾਇਆ ਗਿਆ। ਜਿਵੇਂ ਕਿ ਭਾਈ ਦਇਆ ਸਿੰਘ, ਭਾਈ ਧਰਮ ਸਿੰਘ, ਭਾਈ ਹਿੰਮਤ ਸਿੰਘ, ਭਾਈ ਮੋਹਕਮ ਸਿੰਘ ਅਤੇ ਭਾਈ ਸਾਹਿਬ ਸਿੰਘ। ਇਹ ਪੰਜ ਪਿਆਰੇ ਸਾਜ ਕੇ ਉਨ੍ਹਾਂ ਨੂੰ ਖਾਲਸਾ ਪੰਥ ਦਾ ਮੋਹਰੀ ਹੋਣ ਦਾ ਖਿਤਾਬ ਦਿੱਤਾ ਅਤੇ ਹੁਕਮ ਕੀਤਾ ਕਿ ਪੰਜ ਪਿਆਰਿਆਂ ਦੀ ਬਖਸ਼ਿਸ਼ ਨਾਲ ਹੀ ਅੰਮ੍ਰਿਤ ਦੀ ਦਾਤ ਦਿੱਤੀ ਜਾਵੇਗੀ ਅਤੇ ਇਨ੍ਹਾਂ ਦਾ ਹੁਕਮ ਹਰ ਇਕ ਨੂੰ ਮੰਨਣਾ ਪਵੇਗਾ। ਫਿਰ ਗੁਰੂ ਜੀ ਨੇ ਪੰਜ ਪਿਆਰਿਆਂ ਤੋਂ ਸਭ ਤੋਂ ਪਹਿਲਾਂ ਅੰਮ੍ਰਿਤ ਪਾਨ ਆਪ ਕੀਤਾ ਅਤੇ 'ਵਾਹੁ-ਵਾਹੁ ਗੋਬਿੰਦ ਸਿੰਘ ਆਪੇ ਗੁਰੁ ਚੇਲਾ' ਦਾ ਇਕ ਨਵਾਂ ਨਾਹਰਾ ਦਿੱਤਾ ਗਿਆ।

ਇਹ ਦੁਨੀਆ ਦਾ ਇਕ ਬਹੁਤ ਹੀ ਅਜੀਬੋ-ਗਰੀਬ ਫੈਸਲਾ ਸੀ ਜੋ ਕਿ ਗੁਰੂ ਜੀ ਦੇ ਹੁਕਮ ਅਨੁਸਾਰ ਉਨ੍ਹਾਂ ਤੋਂ ਬਾਅਦ ਸਾਰੀ ਤਾਕਤ ਪੰਜ-ਪਿਆਰਿਆਂ ਨੂੰ ਪ੍ਰਦਾਨ ਕਰ ਦਿੱਤੀ ਸੀ। ਇਸ ਦੀ ਸ਼ੁਰੂਆਤ ਗੁਰੂ ਜੀ ਨੇ ਆਪ ਹੀ ਇਸ ਤੇ ਅਮਲ ਕਰਕੇ ਕੇ ਚਮਕੌਰ ਦੀ ਗੜ੍ਹੀ ਵਿੱਚ ਕਰ ਦਿੱਤੀ ਸੀ। ਜਿਵੇਂ ਕਿ ਇਤਿਹਾਸਕ ਦਸਤਾਵੇਜ਼ਾਂ ਅਨੁਸਾਰ 8 ਮਹੀਨੇ ਦੇ ਅਨੰਦਪੁਰ ਸਾਹਿਬ ਦੇ ਘੇਰੇ ਮਗਰੋਂ ਸਭ ਕੁਝ ਜਾਣਦੇ-ਬੁੱਝਦੇ ਹੋਏ ਗੁਰੂ ਜੀ ਨੇ ਪਹਾੜੀ ਰਾਜਿਆਂ, ਬਾਈਧਾਰ ਰਾਜਿਆਂ ਅਤੇ ਮੁਗਲ ਸਮਾਰਾਜ ਦੀਆਂ ਝੂਠੀਆਂ ਕਸਮਾਂ ਉਪਰੰਤ ਉਨ੍ਹਾਂ ਨੇ 6 ਪੋਹ, 1704 ਨੂੰ ਕੜ੍ਹਕਦੀ ਠੰਡ ਵਿੱਚ ਅਨੰਦਪੁਰ ਸਾਹਿਬ ਦੇ ਕਿਲ੍ਹੇ ਨੂੰ ਅਲਵਿਦਾ ਕਹਿ ਦਿੱਤਾ। ਸਰਸਾ ਨਦੀ ਜੋ ਕਿ ਠਾਠਾਂ ਮਾਰ ਰਹੀ ਸੀ ਉਸ ਨੂੰ ਮੀਂਹ ਨੇ ਘੇਰਾ ਪਾ ਲਿਆ ਸੀ ਅਤੇ ਦੁਸ਼ਮਣ ਦੀਆਂ ਫੌਜਾਂ ਵੀ ਚਾਰੇ ਪਾਸੇ ਤੋਂ ਆ ਗਈਆਂ ਸਨ। ਇਥੇ ਹੀ ਪਰਿਵਾਰ ਵਿਛੋੜਾ ਹੋ ਗਿਆ ਸੀ ਗੁਰੂ ਜੀ ਦੇ ਮਹਿਲ ਭਾਈ ਮਨੀ ਸਿੰਘ ਨਾਲ ਦਿੱਲੀ ਵੱਲ ਨੂੰ ਤੁਰ ਪਏ। ਛੋਟੇ ਸਾਹਿਬਜ਼ਾਦੇ ਅਤੇ ਮਾਤਾ ਗੁਜਰੀ ਜੀ ਦੁਸ਼ਟ ਗੰਗੂ ਨਾਲ ਸਹੇੜੀ (ਮੋਰਿੰਡੇ) ਵੱਲ ਨੂੰ ਚੱਲ ਪਏ ਅਤੇ ਗੁਰੂ ਗੋਬਿੰਦ ਸਿੰਘ ਜੀ, ਵੱਡੇ ਸਾਹਿਬਜ਼ਾਦੇ, ਪੰਜ ਪਿਆਰੇ ਕੁਲ 40 ਸਿੰਘਾਂ ਸਮੇਤ ਚਮਕੌਰ ਦੀ ਕੱਚੀ ਗੜ੍ਹੀ ਵਿੱਚ ਜਾ ਬਿਰਾਜੇ ਸਨ। ਕੱਚੀ ਗੜ੍ਹੀ ਨੂੰ 10 ਲੱਖ ਦੀ ਫੌਜ ਨੇ ਘੇਰਾ ਪਾਇਆ ਹੋਇਆ ਸੀ ਜਿਸ ਦਾ ਮੁਕਾਬਲਾ 40 ਸਿੰਘਾਂ ਨੇ ਕੀਤਾ। ਦੋਵੇ ਸਾਹਿਬਜ਼ਾਦੇ ਸ਼ਹੀਦ ਹੋ ਗਏ। ਸ਼ਹੀਦ ਹੋਣ ਉਪਰੰਤ ਪੰਜ ਪਿਆਰਿਆਂ ਨੇ ਮਤਾ ਪਾ ਕੇ ਗੁਰੂ ਜੀ ਨੂੰ ਚਮਕੌਰ ਦੀ ਗੜ੍ਹੀ ਛੱਡਣ ਲਈ ਮਜ਼ਬੂਰ ਕਰ ਦਿੱਤਾ ਸੀ। ਨਾ ਚਾਹੁੰਦੇ ਹੋਏ ਵੀ ਗੁਰੂ ਜੀ ਨੇ ਪੰਜ ਸਿੰਘਾਂ ਦਾ ਹੁਕਮ ਮੰਨਿਆ ਅਤੇ ਸ਼ਰੇਆਮ ਤਾੜੀ ਮਾਰ ਕੇ ਅਤੇ ਇਹ

ਕਹਿ ਕੇ ਕਿ ਗੁਰੂ ਗੋਬਿੰਦ ਸਿੰਘ ਜਾ ਰਿਹਾ ਹੈ ਹਿੰਮਤ ਹੈ ਤਾਂ ਲਵੋ। ਰਾਤੋ-ਰਾਤ ਮਾਛੀਵਾੜੇ ਪਹੁੰਚ ਗਏ ਅਤੇ ਹਲਾਤਾਂ ਨਾਲ ਜੂਝਦੇ ਹੋਏ ਆਖਰ ਉਹ ਦੀਨਾ ਨਗਰ ਵਿੱਚ ਪਹੁੰਚ ਗਏ। ਭਾਈ ਦਇਆ ਸਿੰਘ, ਭਾਈ ਧਰਮ ਸਿੰਘ, ਭਾਈ ਮਾਨ ਸਿੰਘ ਹੀ ਗੁਰੂ ਜੀ ਦੇ ਨਾਲ ਸਨ। ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰ ਕੌਰ ਜੀ ਦੀ ਸ਼ਹੀਦੀ ਦਾ ਸੁਨੇਹਾ ਵੀ ਉਨ੍ਹਾਂ ਨੂੰ ਮਿਲ ਗਿਆ ਸੀ। ਪਰ ਸਦਕੇ ਜਾਈਏ ਇਸ ਯੁੱਗ ਪੁਰਸ਼, ਸਾਹਿਬੇ-ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜਿਸ ਨੇ ਚਾਰੇ ਪੁੱਤਰ ਕੁਰਬਾਨ ਹੋਣ ਤੋਂ ਬਾਅਦ ਵੀ ਇਕ ਵੀ ਹੰਝੂ ਨਹੀਂ ਕੇਰਿਆ। ਸਗੋਂ ਪੂਰੀ ਖਾਲਸਾ ਕੌਮ ਨੂੰ ਆਪਣੇ ਪੁੱਤਰਾਂ ਵਜੋਂ ਨਿਵਾਜਿਆ। ਇਥੇ ਹੀ ਉਨ੍ਹਾਂ ਨੇ 'ਜਫ਼ਰਨਾਮਾ' ਨਾਮ ਦਾ ਇਕ ਅਜਿਹਾ ਖੱਤ ਔਰੰਗਜੇਬ ਨੂੰ ਲਿਖ ਭੇਜਿਆ ਜਿਸ ਨੂੰ ਪੜ੍ਹ ਕੇ ਔਰੰਗਜੇਬ ਪਾਗਲ ਜਿਹਾ ਹੋ ਗਿਆ ਸੀ ਅਤੇ ਗੁਰੂ ਜੀ ਨੂੰ ਆਪ ਮਿਲਣ ਦੀ ਇੱਛਾ ਪ੍ਰਗਟ ਕੀਤੀ। ਭਾਵੇਂ ਕਿ ਗੁਰੂ ਜੀ ਉਸ ਨੂੰ ਮਿਲਣ ਲਈ ਦਿੱਲੀ ਵੱਲ ਨੂੰ ਰਵਾਨਾ ਹੋ ਗਏ ਸਨ ਪ੍ਰੰਤੂ ਜਫ਼ਰਨਾਮੇ ਦੇ ਇਕ-ਇਕ ਅੱਖਰ ਨੇ ਔਰੰਗਜੇਬ ਦਾ ਸੀਨਾ ਇੰਨਾ ਜਖਮੀ ਕਰ ਦਿੱਤਾ ਸੀ। ਕਿ ਉਹ ਗੁਰੂ ਜੀ ਨੂੰ ਮਿਲਣ ਤੋਂ ਪਹਿਲਾਂ ਹੀ ਇਸ ਦੁਨੀਆਂ ਤੋਂ ਤੁਰ ਗਿਆ। ਤਲਵੰਡੀ ਸਾਬੋ ਵਿਖੇ ਉਨ੍ਹਾਂ ਨੇ ਆਦਿ ਗ੍ਰੰਥ ਜਿਸ ਨੂੰ ਕਿ ਗੁਰੂ ਅਰਜਨ ਦੇਵ ਜੀ ਨੇ ਤਿਆਰ ਕਰਵਾਇਆ ਸੀ ਵਿੱਚ ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਸ਼ਾਮਲ ਕਰਕੇ 'ਗੁਰੂ ਗ੍ਰੰਥ ਸਾਹਿਬ ਜੀ' ਦਾ ਸਰੂਪ ਤਿਆਰ ਕਰਾ ਦਿੱਤਾ ਜਿਸ ਨੂੰ ਕਿ 1708 ਵਿੱਚ ਨਾਦੇੜ੍ਹ ਵਿਖੇ ਜੋਤੀ-ਜੋਤ ਸਮਾਨ ਤੋਂ ਪਹਿਲਾਂ ਗੁਰ ਗੱਦੀ ਦੇ ਕੇ ਹੁਕਮ ਦਿੱਤਾ ਕਿ ਸਾਰੇ ਸਿੱਖਾਂ ਦਾ ਅੱਜ ਤੋਂ ਬਾਅਦ ਜੁਗੋ-ਜੁਗ ਅਟੱਲ ਗੁਰੂ, ਗੁਰੂ ਗ੍ਰੰਥ ਸਾਹਿਬ ਜੀ ਹਨ ਅਤੇ ਹਰ ਇੱਕ ਨੂੰ ਹੁਕਮ ਹੈ ਹਮੇਸ਼ਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਸੇਧ ਲੈਣੀ ਹੈ ਅਤੇ ਉਨ੍ਹਾਂ ਦੇ ਕਹੇ ਅਨੁਸਾਰ ਜੀਵਨ ਨਿਰਬਾਹ ਕਰਨਾ ਹੈ।

ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ 42 ਸਾਲ ਦੀ ਉਮਰ ਵਿੱਚ ਦੁਨੀਆਂ ਦੇ ਇਤਿਹਾਸ ਵਿੱਚ ਅਜਿਹੇ ਦਿਸਹੱਦੇ ਕਾਇਮ ਕੀਤੇ ਜਿਨ੍ਹਾਂ ਨੂੰ ਰਹਿੰਦੀ ਦੁਨੀਆਂ ਤੱਕ ਯਾਦ ਕੀਤਾ ਜਾਂਦਾ ਰਹੇਗਾ। ਬਚਪਨ ਤੋਂ ਹੀ ਉਹ ਬਹੁਤ ਹੀ ਤੀਖਣ ਬੁੱਧੀ ਦੇ ਮਾਲਕ ਸਨ ਜਿਸ ਦੇ ਜ਼ਰੀਏ ਉਹ ਜੋਤੀ-ਜੋਤ ਸਮਾਉਣ ਤੱਕ ਮਨੁੱਖਤਾ ਲਈ ਰਾਹ-ਦਸੇਰਾ ਬਣੇ ਅਤੇ ਰਹਿੰਦੀ ਦੁਨਿਆਂ ਤੱਕ ਉਹ ਹਮੇਸ਼ਾਂ ਹੀ ਮਾਰਗ ਦਰਸ਼ਕ ਬਣੇ ਰਹਿਣ ਗਏ। ਉਨ੍ਹਾਂ ਦਾ ਸਭ ਤੋਂ ਵੱਡਾ ਕਾਰਜ ਖਾਲਸਾ ਪੰਥ ਦੀ ਸਾਜਨਾ ਸੀ ਕਿਉਂਕਿ ਲੋਕੀ ਜਬਰ ਅਤੇ ਜੁਲਮ ਦੇ ਤਸੀਹੇ ਸਹਿਣ ਦੇ ਆਦੀ ਹੋ ਗਏ ਸਨ ਗੁਲਾਮੀ ਉਨ੍ਹਾਂ ਦੇ ਹਿਰਦਿਆਂ ਵਿੱਚ ਵੱਸ ਗਈ ਸੀ। ਇਸ ਤੋਂ ਪਹਿਲਾਂ ਜਾਤ-ਪਾਤ ਦਾ ਕੋਹੜ ਬਹੁਤ ਹਾਵੀ ਸੀ। ਬਿਰਪਵਾਦੀ ਰੀਤਾਂ, ਅੰਧ-ਵਿਸ਼ਵਾਸ਼, ਪੰਖਡਾਂ ਆਦਿ ਵਿੱਚ ਦੁਨੀਆਂ ਇੰਨੀ ਕੁ ਉਲਝ ਕੇ ਰਹਿ ਗਈ ਸੀ ਕਿ ਰੱਬ ਤਾਂ ਉਨ੍ਹਾਂ ਦੇ ਨੇੜੇ-ਤੇੜੇ ਵੀ ਨਹੀਂ ਲੱਗ ਸਕਦਾ ਸੀ। ਜਦ ਗੁਰੂ ਬਾਬੇ ਨਾਨਕ ਨੇ ਜਗਤ ਦੀ ਨਬਜ਼ ਪਹਿਚਾਣਦੇ ਹੋਏ ਸਿੱਖੀ ਦਾ ਬੂਟਾ ਲਗਾਇਆ ਅਤੇ ਨੌਂ ਗੁਰੂਆਂ ਨੇ ਇਸ ਵਿੱਚ ਬਹੁਤ ਹੀ ਸੁਹਿਰਦਤਾ ਨਾਲ ਪਾਣੀ ਪਾਇਆ ਅਤੇ ਆਖਰ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਮੁਰਦਾ ਕੌਮ ਦੇ ਹੱਥ ਵਿੱਚ ਤਲਵਾਰ ਫੜਾ ਕੇ ਜਬਰ ਅਤੇ ਜ਼ੁਲਮ ਦੇ ਖਿਲਾਫ਼ ਖੜੇ ਹੋਣ ਲਈ ਜ਼ੋਸ ਭਰ ਦਿੱਤਾ। ਸਮੇਂ ਦੀ ਚਾਲ ਨਾਲ ਸਿੱਖੀ ਰਾਜਨੀਤੀ ਵਿੱਚ ਉਲਝ ਗਈ ਅਤੇ ਅੱਜ ਲਗਭਗ ਉਹੀ ਹਾਲਾਤ ਹਨ ਜਿਹੜੇ ਕਿ ਬਾਬੇ ਦੇ ਆਗਮਨ ਤੋਂ ਪਹਿਲਾਂ ਸਨ। ਅੱਜ 21ਵੀਂ ਸਦੀ ਦਾ ਯੁੱਗ ਹੈ ਦੁਨੀਆਂ ਨੇ ਬਹੁਤ ਜਿਆਦਾ ਤਰੱਕੀ ਕਰ ਲਈ ਹੈ। ਸਿੱਖੀ ਦੀਆਂ ਕਦਰਾਂ ਕੀਮਤਾਂ ਨੂੰ ਬਹਾਲ ਕਰਨ ਲਈ ਭਾਵੇਂ ਬਹੁਤ ਸਾਰੀਆਂ ਸਿੱਖ ਸੰਸਥਾਵਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸੰਪਰਦਾਵਾਂ, ਰਾਗੀਆਂ, ਢਾਡੀਆਂ, ਪ੍ਰਚਾਰਕਾਂ ਨੇ ਪੂਰਾ ਜ਼ੋਰ ਲਗਾਇਆ ਹੋਇਆ ਹੈ ਪ੍ਰੰਤੂ ਇਨ੍ਹਾਂ ਦੇ ਆਪਸੀ ਮੰਤਭੇਦ ਖਾਸ ਕਰਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਕੀਤੇ ਜਾ ਰਹੇ ਕਾਰਜਾਂ ਨੇ ਸਿੱਖ ਕੌਮ ਨੂੰ ਭੰਬਲਭੂਸੇ ਵਿੱਚ ਪਾਇਆ ਹੋਇਆ ਹੈ। ਆਮ ਰੌਲਾ ਪਾਇਆ ਜਾ ਰਿਹਾ ਹੈ ਕਿ ਸਿੱਖ ਕੌਮ ਖਤਮ ਹੋ ਰਹੀ ਹੈ ਪਰ ਸਾਡਾ ਵਾਅਦਾ ਹੈ ਕਿ ਬਾਬੇ ਨਾਨਕ ਦੀ ਸਿੱਖੀ ਤੇ ਅਧਾਰਤ ਖਾਲਸਾ ਕੌਮ ਮਾੜੇ ਤੋਂ ਮਾੜੇ ਹਾਲਤਾਂ ਵਿੱਚ ਵੀ ਕਾਇਮ ਰਹੇਗੀ ਸੋ ਹਰ ਨਾਨਕ ਨਾਮ ਲੇਵਾ ਸਿੱਖ ਦਾ ਫਰਜ਼ ਬਣਦਾ ਹੈ ਕਿ ਉਹ ਗੁਰੂਆਂ ਵਲੋਂ ਦਰਸਾਏ ਗਏ ਰਸਤਿਆਂ ਤੇ ਤੁਰਨ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਓਟ ਆਸਰਾ ਲੈਣ ਜੋ ਕਿ ਹਮੇਸ਼ਾ ਅਟੱਲ ਰਹਿਣਗੇ ਅਤੇ ਕੌਮ ਨੂੰ ਇਹ ਨਹੀਂ ਭੁਲਣਾ ਚਾਹੀਦਾ ਕਿ ਗੁਰੂ ਗ੍ਰੰਥ ਸਾਹਿਬ ਜੀ ਸ਼ਬਦਾਂ ਦਾ ਇਕ ਅਜਿਹਾ ਵੱਡਾ ਸਮੁੰਦਰ ਹਨ ਜਿਸ ਵਿਚੋਂ ਹਰ ਮਨੁੱਖ ਦੇ ਹਰ ਪ੍ਰਸ਼ਨ ਦਾ ਜਵਾਬ ਮਿਲ ਸਕਦਾ ਹੈ ਪਰ ਲੋੜ ਹੈ ਸੱਚੇ ਹਿਰਦੇ ਨਾਲ ਇਸ ਨੂੰ ਕਬੂਲਣ ਦੀ ਅਤੇ ਸਤਿਕਾਰ ਵਜੋਂ ਇਸ ਤੇ ਭਰੋਸਾ ਰੱਖਣ ਦੀ।

9465216530

****



ਨਿੱਕੀਆਂ ਜਿੰਦਾਂ ਤੇ ਵੱਡੇ ਸਾਕੇ

ਲੇਖਕ: ਗੁਰਬਖ਼ਸ਼ ਸਿੰਘ ਕੇਸਰੀ

ਸੰਪਾਦਕ: ਡਾ. ਕਰਨੈਲ ਸਿੰਘ ਸੋਮਲ
98141-57137

ਪੰਜਾਂ ਸਿੰਘਾਂ ਨੇ ਬਹੁਤ ਬੁਰੀ ਤਰ੍ਹਾਂ ਜ਼ਖਮੀ ਹੋ ਕੇ ਸ਼ਹੀਦੀ ਪ੍ਰਾਪਤ ਕਰਨੀ

ਨਾਲ ਫੱਟਾਂ ਦੇ ਛਾਲਣੀ ਸਿੰਘ ਹੋਏ!
ਅੰਗ ਅੰਗ ਤੋਂ ਲਹੂ ਦੀ ਧਾਰ ਚੱਲਦੀ।
ਕੌਣ ਸਕਦਾ ਰੋਕ ਹੈ ਸੂਰਿਆਂ ਨੂੰ,
ਆਹਮੋ ਸਾਹਮਣੇ ਪਈ ਤਲਵਾਰ ਚੱਲਦੀ।
ਏਧਰ ਇਕ ਹਥਿਆਰ ਦੇ ਟਾਕਰੇ 'ਤੇ,
ਓਧਰ ਗੋਲੀ ਹੈ ਕਈ ਹਜ਼ਾਰ ਚੱਲਦੀ।
ਨੇਜ਼ੇ ਬਰਛਿਆਂ ਨਾਲ ਪਰੋਏ ਕਿਧਰੇ,
ਕਿਧਰੇ ਸਾਂਗ, ਸੰਗੀਨ, ਕਟਾਰ ਚੱਲਦੀ।
ਜਾਵੇ ਜਿੱਤਦਾ 'ਸਿੰਘ ਅਜੀਤ ਕੇਹਰ'
ਅੱਗੇ ਸ਼ੇਰ ਦੇ ਹਰਨਾਂ ਦੀ ਡਾਰ ਚੱਲਦੀ।
ਖੰਜਰ ਡੱਸਦੀ ਮਨੋਂ ਹੈ ਨਾਗ ਕਾਲਾ,
ਜ਼ਰਾ ਛੋਹ ਕੇ ਜਿਸਮ ਦੇ ਪਾਰ ਚੱਲਦੀ।
ਸਾਹ ਕੱਢਣਾ ਪਏ ਨਾ ਅੱਖ ਫਰਕੇ,
ਤੇਗ ਬਿਜਲੀ ਮਨੋ ਚਮਕਾਰ ਚੱਲਦੀ।
ਕਰੜ ਕਰੜ ਕੜਾਕਿਆਂ ਧੁਨੀ ਉੱਠੀ,
ਖਟਾ ਖੱਟ ਹੈ ਸਾਰ ਪਰ ਸਾਰ ਚੱਲਦੀ।
ਇਕ ਨਾਲ ਹਜ਼ਾਰ ਦਾ ਟਾਕਰਾ ਹੈ,
ਸ਼ੁਰੂ ਜੰਗ ਤੋਂ ਇਹੋ ਰਫਤਾਰ ਚੱਲਦੀ।
ਕੱਟੇ ਸਿੰਘਾਂ ਦੇ ਅੰਗ ਅਨੰਗ ਹੋਏ!
ਹੋਣਹਾਰ ਨਾ ਕਿਸੇ ਅਨੁਸਾਰ ਚੱਲਦੀ।
ਕਾਰੀ ਫੱਟ ਜਦ ਲੱਗੇ ਸਰੀਰ ਉੱਤੇ,
ਜਿੰਦ ਸਿੰਘਾਂ ਦੀ ਤਨੋਂ ਪਧਾਰ ਚੱਲਦੀ।
ਕਿਥੋਂ ਤੀਕ ਮੁਕਾਬਲਾ ਕਰੇ ਕੋਈ,
ਕੋਈ ਵਾਹ ਨਾ ਅੰਤਲੀ ਵਾਰ ਚੱਲਦੀ।
ਪੰਜੇ ਸਿੰਘ ਸ਼ਹੀਦ ਹੋ ਗਏ ਸੂਰੇ!
ਭਾਵੀ ਨਾਲ ਨਾ ਕੋਈ ਤਕਰਾਰ ਚੱਲਦੀ।
ਬੰਦਾ 'ਕੇਸਰੀ' ਆਖਰੀ ਹਈ ਬੰਦਾ,
ਮਰਜ਼ੀ ਸਭ ਜਗ੍ਹਾ ਸਦਾ ਕਰਤਾਰ ਚੱਲਦੀ।

ਪੰਜਾਂ ਸਿੰਘਾਂ ਦੇ ਸ਼ਹੀਦ ਹੋਣ ਪਰ ਸੂਰਬੀਰਾਂ ਦੀ ਅਦੁੱਤੀ ਬਹਾਦਰੀ ਦੀ ਦਾਦ

ਲੱਖ ਲੱਖ ਦਾ ਟਾਕਰਾ ਇਕ ਕਰਕੇ,
ਪਿਆਰੇ ਸਿੰਘ ਸ਼ਹੀਦੀਆਂ ਪਾਇ ਚੱਲੇ।
ਹੱਡ ਚੰਮ ਤੇ ਖ਼ੂਨ ਅਰ ਜਿੰਦ ਪਿਆਰੀ,
ਆਹਾ! ਪੰਥ ਉੱਤੇ ਸਭੋ ਲਾਇ ਚੱਲੇ।
ਜਿਸਮ ਆਪਣੇ ਵਿੱਚ ਤੋਂ ਕੱਢ ਰੂਹਾਂ,
ਸਾਡੇ ਮੁਰਦਿਆਂ ਤਨਾਂ ਵਿੱਚ ਪਾਇ ਚੱਲੇ।
ਘਰ ਵੱਸਦੇ ਆਪ ਉਜਾੜ ਆਪਣੇ,
ਸਾਡੇ ਉੱਜੜੇ ਥੇਹ ਵਸਾਇ ਚੱਲੇ।
ਵਾਰ ਆਪਣਾ ਕੁੱਲ ਸਰਬੰਸ ਸਾਰਾ,
ਜੜ੍ਹਾਂ ਸਾਡੀਆਂ ਹੈਨ ਲਗਾਇ ਚੱਲੇ।
ਭਾਰੂ ਲੱਖ ਪਰ ਇਕ ਬਲਵੰਤ ਹੋਇਆ,
ਸ਼ਾਹੀ ਫੌਜ ਨੂੰ ਹੱਥ ਵਿਖਾਇ ਚੱਲੇ।
ਸਫਲੇ ਸ਼ਬਦ ਦਸਮੇਸ਼ ਦੇ ਕਰੇ ਸਿੰਘਾਂ,
ਦੇਖੋ ਚਿੜੀ ਤੋਂ ਬਾਜ਼ ਤੁੜਾਇ ਚੱਲੇ।
ਜੇਹੜੀ ਕਰੀ ਪ੍ਰਤੱਗਿਆ ਗੁਰੂ ਅੱਗੇ,
ਉਸ ਨੂੰ ਸੀਸ ਦੇ ਨਾਲ ਨਿਭਾਇ ਚੱਲੇ।
ਜੁਗਾਂ ਤੀਕ ਨਾ ਕਦੇ ਵੀ ਮਿਟਣ ਵਾਲੀ,
ਯਾਦਗਾਰ ਹਨ ਕੈਮ ਕਰਾਇ ਚੱਲੇ।
ਭਾਰਤ ਵਰਸ਼ ਕੀ ਕੁੱਲ ਭੂਗੋਲ ਉੱਤੇ,
ਨਾਮ ਪੰਥ ਦਾ ਖ਼ੂਬ ਚਮਕਾਇ ਚੱਲੇ।
ਧਰਮ ਵਾਸਤੇ ਜ਼ਿੰਦਗੀ ਵਾਰਨੇ ਦਾ,
ਸਬਕ ਪੰਥ ਨੂੰ ਸੋਹਣਾ ਸਿਖਾਇ ਚੱਲੇ।
ਦਸਮ ਪਿਤਾ ਦੇ ਪੁੱਤ੍ਰਾਂ ਵਾਂਗ ਸਕਿਆਂ,

ਪੁੱਤ੍ਰ ਪੰਥ ਦੇ ਸੱਚੇ ਕਹਾਇ ਚੱਲੇ।
ਸਾਹਿਬ 'ਸਿੰਘ ਅਜੀਤ' ਦਾ ਜੰਗ ਅੰਦਰ,
ਵਿਤੋਂ ਵੱਧ ਕੇ ਹੱਥ ਵਟਾਇ ਚੱਲੇ।
ਟਿਡੀ ਦਲਾਂ ਦਾ ਕਟਕ ਅਣਗਿਣਤ ਸੀ,
ਜੋ ਮਾਰ ਮਾਰ ਕੇ ਮਾਰ ਮੁਕਾਇ ਚੱਲੇ।
ਸਿੱਖੀ ਸਿੱਖਿਆ ਮੰਨਣਾ ਸਦਾ ਭਾਣਾ,
ਭਾਣਾ ਮੰਨੇ ਕੇ ਠੀਕ ਦਿਖਾਇ ਚੱਲੇ।
ਆਦਿ ਅੰਤ ਤਕ ਕਦੇ ਨਾ ਬੁਝਣ ਵਾਲੀ,
ਅੱਗ ਖਾਲਸਾ ਪੰਥ ਨੂੰ ਲਾਇ ਚੱਲੇ।
ਸਿੱਖ ਹੋਇ ਜੋ ਹੋਇ ਸੋ ਇਸ ਤਰ੍ਹਾਂ ਦਾ,
ਸਿੱਖ ਹੋਣ ਦਾ ਵੱਲ ਸਿਖਾਇ ਚੱਲੇ।
ਪਰਮ ਪਿਤਾ ਦੇ ਸਾਹਮਣੇ ਘੋਲ ਜਿੰਦੜੀ !
ਰੁਤਬਾ ਸੱਚੇ ਸ਼ਹੀਦਾਂ ਦਾ ਪਾਇ ਚੱਲੇ।
ਸਿੰਘ ਕਿਸ ਤਰ੍ਹਾਂ ਜਾਣਦੇ ਲੜਨ ਮਰਨਾ,
ਸਿੰਘੀ ਤੌਰ ਤੇ ਹੱਥ ਦਿਖਾਇ ਚੱਲੇ।
ਇਕ ਟਾਕਰਾ ਕਈ ਹਜ਼ਾਰ ਦਾ ਕਰ,
ਲੋਕਾਂ ਤਾਈਂ ਹਿਰਾਨ ਕਰਾਇ ਚੱਲੇ।
ਸਿੱਖੀ ਧਾਰਨਾ ਸਿੱਖ ਦਸਮੇਸ਼ ਜੀ ਤੋਂ,
ਤਨ ਮਨ ਤੋਂ ਖ਼ੂਬ ਕਮਾਇ ਚੱਲੇ।
ਪੰਚ ਭੂਤਕ ਮੜੌਲੀਆਂ ਧਰਮ ਉੱਤੇ,
ਸਹੀ ਖ਼ੂਲ ਦੇ ਨਾਲ ਹਨ ਪਾਇ ਚੱਲੇ
ਸੱਚ ਖੰਡ ਨੂੰ 'ਕੇਸਰੀ' ਗਏ ਸਿੱਧੇ,
ਸਾਹਿਬਜ਼ਾਦਿਆਂ ਤਾਈਂ ਬੁਲਾਇ ਚੱਲੇ।

ਸਾਹਿਬ ਅਜੀਤ ਸਿੰਘ ਜੀ ਦੇ ਆਖਰੀ ਹੱਥ ਧਰਮ ਦੀ ਜਗਵੇਦੀ ਪਰ ਲਾਮਿਸਾਲ ਕੁਰਬਾਨੀ

ਵਿਚ ਜੰਗ ਦੇ ਲੱਥ ਪਲੱਥ ਹੋਇਆ,
ਖਾਂਦਾ ਫੱਟ ਪਰ ਫੱਟ ਇਉਂ ਫੱਟਿਆ ਹੈ।
ਤੀਰਾਂ ਵੇਧ ਸਰੀਰ ਹੋ ਗਿਆ ਸਾਰਾ !
ਵਾਂਗ ਛਾਲਣੀ ਛਾਣ ਕੇ ਸੱਟਿਆ ਹੈ।
ਤੱਤੇ ਘਾਉ ਰਣ ਤੱਤੇ ਦੇ ਵਿੱਚ ਵੜ ਕੇ,
ਨਹੀਂ ਖੰਡਾ ਖੜਕਾਉਣ ਤੋਂ ਹੱਟਿਆ ਹੈ।
ਲਹੂ ਵੱਗਦਾ ਝਰਨਿਆਂ ਵਾਂਗ ਤਨ ਤੋਂ,
ਥਾਓਂ ਥਾਈਂ ਸਰੀਰ ਵੀ ਕੱਟਿਆ ਹੈ।
ਪੁਰਜ਼ਾ ਪੁਰਜ਼ਾ ਤਾਂ ਕੱਟ ਹੋ ਗਿਆ ਭਾਵੇਂ,
ਤਾਂ ਵੀ ਜੰਗ ਤੋਂ ਨੱਕ ਨਾ ਵੱਟਿਆ ਹੈ।
ਸ਼ਾਬਾ ! ਸ਼ੇਰ ਅਜੀਤ ਸਿੰਘਾ !
ਤੇਰਾ ਹੌਸਲਾ ਅਜੇ ਨਾ ਘੱਟਿਆ ਹੈ।
ਖਾਕ ਖ਼ੂਨ ਵਿੱਚ ਗੁੱਥਮ-ਗੁੱਥ ਹੋਇਆ, ਰੱਬਾ !
ਫੱਟ ਪਰ ਫੱਟ ਲਾ ਫੱਟਿਆ ਹੈ।
ਲਾੜੀ ਮੌਤ ਨੂੰ ਲਿਆ ਪਰਨਾ ਛੇਕੜ,
ਢਾਹ ਕਿੰਗਰਾ ਅਰਸ਼ ਤੋਂ ਸੁੱਟਿਆ ਹੈ।
ਸੰਮਨ ਬਰਜ ਅੱਜ ਗਿਰ ਗਿਆ ਖਾਲਸੇ ਦਾ,
ਪਾਸਾ ਕੌਮ ਦਾ ਗਿਆ ਪਲੱਟਿਆ ਹੈ।
ਜੱਫਰ ਜਾਲ ਜੋ ਪਾਲਿਆ ਸਰੂ ਬੂਟਾ,
ਜ਼ਾਲਮ ਟੱਕ ਲਾ ਜੜ੍ਹਾਂ ਤੋਂ ਪੱਟਿਆ ਹੈ।
ਲੁੱਟ ਗਿਆ ਖਜ਼ਾਨਾ ਅੱਜ ਖਾਲਸੇ ਦਾ,
ਮੌਹਰਾ ਕੌਮ ਅਭਾਗ ਨੇ ਚੱਟਿਆ ਹੈ।
ਬੱਸ 'ਕੇਸਰੀ' ਹੋ ਗਿਆ ਅੰਤ ਉਹੋ,
ਜੇਹੜਾ ਠਾਟ ਕਰਤਾਰ ਨੇ ਠੱਟਿਆ ਹੈ।

ਵੱਲੋਂ ਕਵਿ

ਸਾਹਿਬਜ਼ਾਦੇ ਦੀ ਸੱਚੀ ਬਹਾਦਰੀ 'ਤੇ,
ਲੇਖ ਆਪਣੇ ਅਤੇ ਬੇਗਾਨਿਆਂ ਦੇ।
ਪੜ੍ਹੋ ਖਾਲਸਾ ਦ੍ਰਿਸ਼ ਰੁਆਣ ਵਾਲੇ,
ਸੱਚੇ ਸਾਕੇ ਹਨ ਕੌਮੀ ਪਰਵਾਨਿਆਂ ਦੇ।
ਧਾਕ ਵੀਰਤਾ ਪਈ ਭੂਗੋਲ ਉੱਤੇ,
ਕਿੱਸੇ ਬਣੇ ਹਨ ਜੰਗ ਤਰਾਨਿਆਂ ਦੇ।
ਟੱਟੀ ਧਰਮ ਦੀ ਓਲ੍ਹੇ ਸ਼ਿਕਾਰ ਖੇਲ੍ਹੇ,
ਹੱਥ ਵੇਖ ਲੌ ਮਜ਼ਬੀ ਦੀਵਾਨਿਆਂ ਦੇ।
ਬੁੱਲ੍ਹ ਸੁੱਕ ਰੋਮਾਵਲੀ ਪੁਲਕਦੀ ਹੈ !
ਅਚਰਜ ਹਾਲ ਆਹ ਦਰਦ ਰੰਞਾਨਿਆਂ ਦੇ।
ਪੰਥ ਲੁੱਟਿਆ ਕਾਰਗਰ ਹੋਏ ਫਤਵੇ,
ਮੁੱਲਾਂ ਕਾਜ਼ੀਆਂ ਅਤੇ ਮੁਲਾਨਿਆਂ ਦੇ।
ਜਿੱਤ ਹਾਰ ਬਾਜ਼ੀ ਰਾਜ਼ੀ ਰਜ਼ਾ ਰਹਿਣਾ,
ਸਿੱਖੇ ਏਨ੍ਹਾਂ ਨੇ ਸਬਕ ਸ਼ੁਕਰਾਨਿਆਂ ਦੇ।
ਹੰਝੂ ਕੇਰ ਕੇ 'ਕੇਸਰੀ' ਪੜ੍ਹੋ ਸਿੱਖੋ!
ਸਾਕੇ ਸੂਰਮੇ ਮਰਦ ਮਰਦਾਨਿਆਂ ਦੇ।

ਕਰਤਾ ਵਲੋਂ ਮਹਾਨ ਸ਼ੋਕ ਵਰਣਨ

ਮੋਤੀ ਬਿਖਰੇ ਰੇਤ ਦੇ ਵਿੱਚ ਰਲ ਗਏ, ਹਾਏ !
ਟੁੱਟਿਆ ਨੌਂ ਲੱਖਾ ਹਾਰ ਸਾਡਾ।

ਭਰਿਆ ਮਾਲ ਮਤਾਹ ਜ਼ਰ ਨਕਦੀਆਂ ਦਾ,
ਬੇੜਾ ਡੁੱਬਿਆਂ ਮੰਝਲੀ ਧਾਰ ਸਾਡਾ।
ਡੋਰ ਸੱਖਣੀ ਰਹਿ ਗਈ ਵਿੱਚ ਹੱਥਾਂ,
ਬਾਜ਼ ਉੱਡਿਆ ਛੱਡ ਸ਼ਿਕਾਰ ਸਾਡਾ।
ਸਾਨੂੰ ਰੋਂਦਿਆਂ ਹਾਹੁਕੇ ਭਰਦਿਆਂ ਨੂੰ,
ਛੱਡ ਟੂਰ ਗਿਆ ਏ ਹੋਨਹਾਰ ਸਾਡਾ।
ਦੁਸ਼ਟ ਦਲਾਂ ਵਿੱਚ ਆਮ ਕਤਲਾਮ ਕਰਕੇ,
ਅੰਤ ਹੋ ਗਿਆ ਆਪ ਨਿਸਾਰ ਸਾਡਾ।
ਅੰਬਰ ਪਰਖਣਾ ਅਸਾਂ ਨੂੰ ਚਾਹੁੰਦਾ ਏ !
ਇਸ ਦੇ ਨਾਲ ਫਿਰ ਕੀਹ ਤਕਰਾਰ ਸਾਡਾ।
ਕੋਈ ਦਾਦ ਫ਼ਰਯਾਦ ਨਾ ਸੁਣਨ ਵਾਲਾ,
ਗੁੱਸੇ ਹੋ ਗਿਆ ਅੱਜ ਕਰਤਾਰ ਸਾਡਾ।
ਕਿਥੇ ਜਾਇਕੇ ਕੂਕ ਪੁਕਾਰ ਕਰੀਏ,
ਦੱਸ 'ਕੇਸਰੀ' ਕੌਣ ਗਮਖਾਰ ਸਾਡਾ?

ਸ੍ਰੀ ਗੁਰੂ ਕਲਗੀਧਰ ਜੀ ਵਲੋਂ ਸਾਹਿਬਜ਼ਾਦੇ ਨੂੰ ਅੰਤਿਮ ਅਸੀਸ

ਦੋਹਰਾ

ਕਲਗੀਧਰ ਦੇ ਸਾਹਮਣੇ ਵਾਰ ਦਿੱਤਾ ਜਦ ਸੀਸ।
ਸ਼ੋਕ ! ਜੁਸ਼ੀਲੀ ਟੋਨ ਵਿੱਚ ਦਿੱਤੀ ਅੰਵ ਅਸੀਸ।

ਪਦ ਫਿਰਨਾ ਛੰਦ

ਅਹੋ ! ਸੁਤ ਮੇਰਾ ਤੈਂ ਕਰਜ਼ ਤਾਰਿਆ।
ਦੇਸ਼ ਪੰਥ ਉੱਤੇ ਪਿਆਰਾ ਸੀਸ ਵਾਰਿਆ।
ਜੰਮਣਾ ਸਫਲ ਸੁਤ ! ਤੇਰਾ ਹੋ ਗਿਆ।
ਪਰ ਉਪਕਾਰ ਸਾਰੇ ਦੁੱਖ ਖੋ ਗਿਆ।
ਘਾਲ ਕੇ ਅਦੁੱਤੀ ਘਾਲ ਗਿਆ ਬੇਟਿਆ।
ਖਾਕ ਅਤੇ ਖ਼ੂਨ ਵਿੱਚ ਪਿਆ ਲੇਟਿਆ।
ਨਾਮ ਭੀ ਅਜੀਤ ਸਿੰਘ ਸੀ ਪਿਆਰਿਆ।
ਜਿੱਤਿਆ ਨਾ ਜ਼ਿੰਦਾ ਗਿਆ, ਭਾਵੇਂ ਮਾਰਿਆ।
ਕੱਟ ਕੱਟ ਜ਼ਾਲਮਾਂ ਨੂੰ ਕੱਟ ਹੋ ਗਿਆ।
ਫਟਾ ਫਟ ਫੱਟਾਂ ਨਾਲ ਫੱਟ ਹੋ ਗਿਆ।
ਦੁੱਜਨ ਦਲਾਂ ਦਾ ਨਾਮ ਖੂਬ ਮੇਟਿਆ।
ਖਾਕ ਅਤੇ ਖ਼ੂਨ ਵਿਚ ਪਿਆ ਲੇਟਿਆ।
ਮੇਰੀ ਦਸਤਾਵੇਜ਼ ਲਾਲ ਵੈਰੀ ਖਾਪਣੀ।
ਏਦ੍ਹੇ ਉੱਤੇ ਪਾਈ ਤੈਂ ਗਵਾਹੀ ਆਪਣੀ।
ਲੋਹੂ ਲਾਲ ਨਾਲ ਮੇਰੇ ਲਾਲ ! ਲਿੱਖਿਆ।
ਦਾਦੇ ਗੁਰੂ ਕੋਲੋਂ ਸਿੱਖੀ ਖ਼ੂਬ ਸਿੱਖਿਆ।
ਲਿੱਖਿਆ ਜੋ ਲੇਖ ਜਾਂਦਾ ਨਹੀਂ ਮੇਟਿਆ।
ਖਾਕ ਅਤੇ ਖ਼ੂਨ ਵਿੱਚ ਪਿਆ ਲੇਟਿਆ।
ਦਾਦੇ ਗੁਰੂ ਜੀ ਦਾ ਤੈਂ ਮਿਸ਼ਨ ਬੁੱਝਿਆ।
ਸੀਸ ਵਾਰ ਦੇਣਾ ਮੰਤ੍ਰ ਮੂਲ ਸੁੱਝਿਆ।
ਜ਼ਾਲਮ ਹਜ਼ਾਰਾਂ ਮਾਰਕੇ ਮੁਕਾਏ ਤੈਂ।
ਸੱਥਰਾਂ ਦੇ ਸੱਥਰ ਜ਼ਿਮੀਂ ਲਿਟਾਏ ਤੈਂ।
ਸਫਾਂ ਵਾਂਗੂੰ ਪਿਆ ਦਲ ਹੈ ਲਪੇਟਿਆ।
ਖਾਕ ਅਤੇ ਖ਼ੂਨ ਵਿੱਚ ਪਿਆ ਲੇਟਿਆ।
ਚਾਲ੍ਹੀ ਉੱਤੇ ਚਾਲ੍ਹੀ ਲੱਖ ਫੌਜ ਆਈ ਹੈ।
ਟਿੱਡੀ ਦਲ ਵਾਂਗ ਚਾਰੇ ਪਾਸੇ ਛਾਈ ਹੈ। ਮਾਰੇ
ਸੂਰਬੀਰ ਹਾਥੀ ਦੇ ਆਕਾਰ ਦੇ।
ਸ਼ੇਰਾਂ ਵਾਂਗ ਜੇਹੜੇ ਸੀ ਬੜ੍ਹਕ ਮਾਰਦੇ।
ਲਸ਼ਕਰ ਇਨ੍ਹਾਂ ਦਾ ਸਾਰਾ ਹੈ ਸਮੇਟਿਆ।
ਖਾਕ ਅਤੇ ਖ਼ੂਨ ਵਿੱਚ ਪਿਆ ਲੇਟਿਆ।
ਮਖਮਲੀ ਵਿਛੌਣੇ ਤੇ ਪਲੰਘ ਰੰਗਲੇ।
ਕਿਥੇ ਹੈਨ ਕਿਲ੍ਹੇ ਕੋਟ ਕੋਠੀ ਬੰਗਲੇ?
ਪੰਥ ਦਾ ਅਦੁੱਤੀ ਲਾਡਲਾ ਪਿਆਰਿਆ।
ਦੇਸ਼ ਨੂੰ ਫਖ਼ਰ ਤੇਰਾ ਸੀ ਦੁਲਾਰਿਆ।
ਲਾਲੋ ਲਾਲ ਬਸਤ੍ਰਾਂ 'ਚ ਹੈ ਲਪੇਟਿਆ।
ਖਾਕ ਅਤੇ ਖ਼ੂਨ ਵਿੱਚ ਪਿਆ ਲੇਟਿਆ।
ਰੰਗਲੀ ਜੁਆਨੀ ਤੇਰੀ ਖਾਕ ਰੁੱਲਗੀ।
ਲਾੜੀ ਮੌਤ ਹੋ ਗਈ ਮੋਹਤ ਡੁੱਲਗੀ।
ਹੋ ਗਿਆ ਵਿਆਹ ਬੇਟਾ ਮੌਤ ਨਾਲ ਜੇ।
ਜਾਂਞੀਆਂ ਦੇ ਨਾਲ ਧੂੜਿਆ ਗੁਲਾਲ ਜੇ।
ਵਿਦਾ ਹੋ ਕੇ ਗਿਆ ਓ ! ਪੁੱਤ੍ਰ ਜੇਠਿਆ।
ਖਾਕ ਅਤੇ ਖ਼ੂਨ ਵਿੱਚ ਪਿਆ ਲੇਟਿਆ।
ਛਾਈ ਤੈਨੂੰ ਵੇਖ ਵੈਰੀ ਨੂੰ ਅਧੀਰਤਾ।
ਜੰਗ ਵਿੱਚ ਖ਼ੂਬ ਤੈਂ ਦਿਖਾਈ ਵੀਰਤਾ।
ਦਾਦੇ ਗੁਰੂ ਜੋਤ ਵਿੱਚ ਜੋਤ ਰਲ ਜਾ।
ਜੀਵਨ ਸਦੀਵੀ ਪਾ ਕੇ ਹੋ ਅਟੱਲ ਜਾ।
ਅੰਤਲੀ ਅਸੀਸ ਮੇਰੀ ਲੈ ਜਾ ਬੇਟਿਆ।
ਖਾਕ ਅਤੇ ਖ਼ੂਨ ਵਿੱਚ ਪਿਆ ਲੇਟਿਆ।

ਚਲਦਾ

ਗਿ: ਦਿੱਤ ਸਿੰਘ ਰਚਨਾਵਲੀ

ਦੰਭ ਵਿਦਾਰਨ ਅਤੇ ਸਾਧੂ ਦਯਾਨੰਦ ਜੀ ਨਾਲ ਸੰਵਾਦ



ਸੰਪਾਦਕ
ਡਾ: ਇੰਦਰਜੀਤ ਸਿੰਘ ਗੋਗੋਆਣੀ
98159-85559

ਭਖਯਾ ਅਭਖਯ ਨਿਰਨਯ

ਸਫਾ ੩੦੨ ਤੇ ੩੦੩ ਤਕ

ਦੋਹਰਾ

ਅੱਗੇ ਸਾਧੂ ਦੱਸਦਾ ਮਾਰਨ ਗਾਂਈ ਬੈਲ।
ਉਕਤ ਯੁਕਤ ਅਨੁਸਾਰ ਹੈ ਪੁਨ ਸ਼ੁਰਤੀ ਦੇ ਗੈਲ॥੧॥
ਖਾਣਾਂ ਆਖ ਮਾਂਸ ਦਾ ਪਾਪ ਨਹੀਂ ਹੈ ਕੁੱਝ॥
ਇਹ ਤਾਂ ਪੁਸ਼ਟੀ ਵਾਸਤੇ ਚੰਗਾ ਭੋਜਨ ਬੁੱਝ॥੨॥
ਪ੍ਰਸ਼ਨ ਉੱਤਰ ਆਪ ਹੀ ਘੜਕੇ ਦੱਸਯਾ ਏਹ॥
ਸੰਢ ਗਾਇ ਅਰ ਬੈਲ ਨੂੰ ਮਾਰ ਯੱਗ ਹਿਤ ਦੇਹ॥੩॥
ਘਾਸ ਪਾਰਟੀ ਵਾਸਤੇ ਕਰੀ ਨ ਚੰਗੀ ਬਾਤ।
ਮਾਸ ਵਾਲਯਾਂ ਖੁਸ਼ੀ ਵਿੱਚ ਦਿਨ ਕਰ ਦਿੱਤੀ ਰਾਤ॥੪॥
ਪੜ੍ਹਨੇ ਹਾਰੇ ਹੋਨਗੇ ਵੱਡੇ ਅਚੰਭਾ ਚਿੱਤ॥
ਸੁਨਨ ਵਾਲੇ ਭੀ ਕੈਹਨ ਇਹ ਕਥਾ ਰਚੀ ਕੁਧਿੱਤ॥੫॥
ਤਾਂਤੇ ਸੁਨੋ ਪਿਆਰਿਓ ਮਨ ਲਾ ਕੇ ਪ੍ਰਸੰਗ॥
ਕਿਆ ਸਾਧੂ ਹੈ ਆਖਦਾ ਮਨ ਵਿੱਚ ਧਾਰ ਉਮੰਗ॥੬॥

ਭਾਵ-ਇਸ ਤੇ ਅੱਗੇ ਸਾਧੂ ਜੀ ਨੇ ਉਨ੍ਹਾਂ ਪਸ਼ੂਆਂ ਦੇ ਮਾਸ ਖਾਣੇ ਅਰ ਨਾ ਖਾਣੇ ਦਾ ਕਥਨ ਕੀਤਾ ਹੈ ਜਿਸ ਦੀ ਸ਼ੁਤਿ ਵਿੱਚ ਆਗਿਆ ਹੈ, ਜਿਸ ਵਿੱਚ ਪੈਹਲੇ ਤਾਂ ਉਹ ਇਹ ਭੀ ਆਖਦੇ ਹਨ ਕੇ ਗਊ ਬਕਰੀ ਅਤੇ ਊਠਨੀ ਆਦਿਕ ਨੂੰ ਮਾਰਨਾ ਨਹੀਂ ਚਾਹੀਦਾ, ਇਸ ਤੇ ਅੱਗੇ ਦੱਸਦੇ ਹਨ ਕੇ ਮੋਟੀ ਗਊ ਅਰ ਸੰਢ ਮਾਰਨੀ ਚਾਹੀਦੀ ਹੈ, ਇਸੇ ਤਰ੍ਹਾਂ ਉਹ ਨਰ ਮੇਧ ਦੀ ਜਗਾ ਮਨੁੱਖ ਨਹੀਂ ਦੱਸਦੇ ਕਿੰਤੂ ਬੈਲ ਦਾ ਮਾਰਨਾ ਆਖਦੇ ਹਨ ਅਰ ਇਸ ਪਰ ਭੀ ਸ਼ੁਤਿ ਪ੍ਰਮਾਣ ਦੇਂਦੇ ਹਨ, ਅਤੇ ਇਸ ਪ੍ਰਸ਼ਨੋਤ੍ਰ ਨੂੰ ਇਸ ਪ੍ਰਕਾਰ ਅਰੰਭ ਕਰਦੇ ਹਨ:-

ਯਥਾ: "ਜਿਤਨੇ ਮਨੁਖੋਂ ਕੇ ਉਪਕਾਰਕ ਪਸ਼ੂ ਹੈਂ ਉਨਕਾ ਮਾਂਸ ਅਭਖਯ, ਤਥਾ ਬਿਨਾ ਹੋਮ ਸੇ ਅੰਨਯ ਔਰ ਮਾਂਸ ਭੀ ਅਭਖਯ ਹੈ, "ਪ੍ਰਸ਼ਨ" ਪਾਪ ਹੀ ਹੋਤਾ ਹੈ ਕਿਯੋਂਕੇ ਜੀਵੋਂ ਕੋ ਪੀੜਾ ਦੇਕੇ ਅਪਨਾਂ ਪੇਟ ਭਰਨਾ ਯਹ ਧਰਮਾਤਮਾਓਂ ਕੀ ਰੀਤੀ ਨਹੀਂ ਹੈ, "ਉੱਤਰ" ਅੱਛਾ ਏਕ ਜੀਵ ਕੇ ਮਾਰਨੇ ਮੇਂ ਪੀੜਾ ਹੋਤੀ ਹੈ, ਸੋ ਸਭ ਬਿਵਹਾਰੋਂ ਕੋ ਛੋੜ ਦੇਨਾ ਚਾਹਿਯੇ" ਕਿਉਂਕੇ ਨੇਤ੍ਰ ਕੀ ਚੇਸ਼ਾ ਸੇ ਭੀ ਸੂਖਮ ਦੇਹ ਵਾਲੀ ਜੀਵੋਂ ਕੋ ਪੀੜਾ ਅਵਸਯ ਹੋਤੀ ਹੈ, ਔਰ ਤੁਮਾਰੇ ਘਰਮੇਂ ਕੋਈ ਮਨੁਖਯ ਚੋਰੀ ਕਰੈ ਤੋ ਤੁਮ ਲੋਗ ਭੀ ਅਵਯਸ ਉਸਕੋ ਪੀੜਾ ਦੇਓਗੇ, ਔਰ ਮੱਖੀ ਆਦਿਕ ਭੋਜਨ ਕੇ ਊਪਰ ਸੇ ਉਡਾ ਦੇਤੇ ਹੋ, ਇਸ ਮੇਂ ਭੀ ਉਸ ਕੋ ਪੀੜਾ ਹੋਤੀ ਹੈ, ਔਰ ਜੋ ਕੁਛ ਤੁਮ ਖਾਤੇ ਪੀਤੇ ਚਲਤੇ ਫਿਰਤੇ ਔਰ ਬੈਠਤੇ ਹੋ ਇਸ ਬਿਵਹਾਰ ਸੇ ਭੀ ਬਹੁਤ ਜੀਵੋਂ ਕੋ ਪੀੜਾ ਹੋਤੀ ਹੈ, ਇਸ ਸੇ ਤੁਮਾਰਾ ਕਹਨਾ ਬਿਅਰਥ ਹੈ ਕਿ ਕਿਸੀ ਜੀਵਕੋ ਪੀੜਾ ਨ ਦੇਨਾ "ਪ੍ਰਸ਼ਨ" ਜਿਸ ਮੇਂ ਪ੍ਰਤਖਯ ਪੀੜਾ ਹੋਤੀ ਹੈ ਹਮ ਲੋਗ ਉਸ ਮੈਂ ਪਾਪ ਗਿਨਤੇ ਹੈਂ, ਅਪ੍ਰਤਖਯ ਮੇਂ ਕਬੀ ਨਹੀਂ, ਕਿਉਂਕਿ ਅਪ੍ਰਤਖਯ ਮੈਂ ਪਾਪ ਗਿਨੈ ਤੋ ਹਮਾਰਾ ਬਿਵਹਾਰ ਨਾ ਬਨੈ "ਉੱਤਰ" ਐਸੇ ਹੀ ਆਮ ਲੋਗ ਜਾਨੈ ਕਿ ਜਹਾਂ ਅਪਨਾਂ ਮਤਲਬ ਹੋਯ ਤਹਾਂ ਤੋਂ ਪਾਪ ਨਹੀਂ ਇਨ ਤੇ ਹੋ ਯਹ ਬਾਤ ਯੁਕਤਿ ਸੇ ਵਿਰੁਧ ਹੈ, ਔਰ ਕੋਈ ਭੀ ਮਾਂਸ ਨ ਖਾਯੇ ਤੋ ਜਾਨਵਰ ਪੱਖੀ ਮਤਸਯਾ ਔਰ ਜਲ ਜੰਤੂ ਇਤਨੇ ਹੈਂ ਉਨਸੇ ਸੁਤੇ ਸਹੱਸਰ ਗੁਣੇ ਹੋ ਜਾਂਯ, ਫਿਰ ਮਨੁੱਖੋਂ ਕੋ ਮਾਰਨੇ ਲਗੇਂ ਔਰ ਖੇਤੋਂ ਮੇਂ ਧਾਨ ਹੀ ਨ ਹੋਨੇ ਪਾਏ, ਫਿਰ ਸਭ ਮਨੁੱਖੋਂ ਕੀ ਆਜੀਵਕਾ ਨਾਸ਼ ਹੋਨੇ ਸੇ ਸਭ ਮਨੁਖ ਨਸ਼ਟ ਹੋ ਜਾਂਯ, ਔਰ ਭਿਆਂਕਰ ਆਦਿਕ ਮਾਂਸ-ਹਾਰੀ ਜੀਵ ਭੀ ਉਨ ਮ੍ਰਿਗੋਂ ਕਾ ਭਖਯਣ ਕਰਤੇ ਹੈਂ, ਔਰ ਗਾਯ ਆਦਿਕੋਂ ਕੋ ਭੀ, ਪ੍ਰੰਤੂ ਮਨੁੱਖਯ ਲੋਗੋਂ ਕੋ ਯਹ ਚਾਹੀਏ ਕੇ ਗਾਯ, ਬੈਲ, ਭੈਸੀ, ਛੇੜੀ, ਭੇਡ, ਔਰ ਉਠਾਦਿਕ ਪਸੂਓਂ ਕੋ ਕਭੀ ਨ ਮਾਰੈ, ਕਿਉਂਕਿ ਇਨਹੀਂ ਸੇ ਸਭ ਮਨੁਖਯੋਂ ਕੀ ਅਜੀਵਕਾ ਚਲਤੀ ਹੈ, ਜਿਤਨੇ ਦੁਧਧ ਆਦਿਕ ਪਦਾਰਥ ਹੋਤੇ ਹੈਂ ਵੇ ਸਭ ਉਤਮ ਹੀ ਹੋਤੇ ਹੈਂ, ਔਰ ਏਕ ਪਸ਼ੂ ਸੇ ਬਹੁਤ ਆਜੀਵਕਾ ਮਨੁਖੋਂ ਕੀ ਹੋਤੀ ਹੈ, ਮਾਰਨੇ ਸੇ ਜਹਾਂ ਸੌ ਮਨੁਖਯ ਤ੍ਰਿਪਤ ਹੋਤੇ ਹੈਂ ਉਸ ਗਾਯ ਆਦਿਕ ਪਸੂਓਂ ਕੇ ਬੀਚ ਮੇਂ ਸੇ ਏਕ ਗਾਯ ਕੀ ਰੱਛਾ ਸੇ ਦਸ ਹਜ਼ਾਰ ਮਨੁਖੋਂ ਕੀ ਰੱਛਾ ਹੋ ਸਕਤੀ ਹੈ, ਇਸਸੇ ਇਨ ਪਯੂਓਂ ਕੋ ਕਭੀ ਨ ਮਾਰਨਾਂ ਚਾਹੀਏ. "ਪ੍ਰਸ਼ਨ" ਇਨ ਪਸ਼ੂਓ ਕੇ ਨਹੀਂ ਮਾਰਨੇ ਸੇ ਇਨਕੇ ਬਹੁਤ ਹੋਨੇ ਸੇ ਸਭ ਪ੍ਰਿਥਵੀ ਭਰ ਜਾਯਗੀ। ਫਿਰ ਭੀ ਤੋਂ ਮਨੁੱਖੋਂ

ਕੀ ਹਾਨੀ ਹੋਨੇ ਲਗੇਗੀ "ਉੱਤਰ" ਐਸਾ ਨ ਕੈਹਨਾਂ ਚਾਹਿਯੇ ਕਿਉਂਕਿ ਭਿਆਂਕਰ ਆਦਿਕ ਜੀਵ ਉਨਕੋਂ ਮਾਰੈਂਗੇ, ਔਰ ਕਿਤਨੇ ਰੋਗੋਂ ਸੇ ਭੀ ਮਰੇਂਗੇ, ਇਸਸੇ ਅਨੰਤ ਨਹੀਂ ਹੋਨੇ ਪਾਵੇਂਗੇ, ਔਰ ਮਨੁੱਖੋਂ ਕੇ ਮਾਰਨੇ ਸੇ ਘ੍ਰਿਤਾਦਿਕ ਪਦਾਰਥ ਔਰ ਪਸ਼ੂਓਂ ਕੀ ਉਤਪਤਿ ਭੀ ਨਾਸ਼ ਹੋ ਜਾਤੀ ਹੈ, ਇਸਸੇ ਜਹਾਂ-ਜਹਾਂ ਸੋ ਮੇਧਾਦਿਕ ਲਿਖੇ ਹੈਂ ਵਹਾਂ ਪਸ਼ੂਓਂ ਮੇ ਨਰੋਂ ਕਾ ਮਾਰਨਾ ਲਿਖਾ ਹੈ, ਇਸ ਸੇ ਇਸ ਅਭਿਪ੍ਰਾਯ ਮੇਂ ਨਰ ਮੇਧ ਲਿਖਾ ਹੈ, ਮਨੁਖਯ ਨਰ ਕੋ ਮਾਰਨਾ ਕਹੀਂ ਨਹੀਂ, ਕਿਉਂਕਿ ਜੈਸੀ ਪੁਸ਼ਟੀ ਬੈਲਾਦਿਕ ਨਰੋਂ ਮੇਂ ਹੈ ਵੈਸੀ ਇਸਤ੍ਰੀਓਂ ਮੈਂ ਨਹੀਂ ਹੈ, ਔਰ ਏਕ ਬੈਲ ਸੇ ਹਜ਼ਾਰਾ ਗੈਯਾਂ ਗਰਭ ਵਤੀ ਹੋਤੀ ਹੈਂ, ਇਸਸੇ ਹਾਨੀ ਭੀ ਨਹੀਂ ਹੋਤੀ, ਸੋਈ ਲਿਖਾ ਹੈ "ਗੌਰਨੁ ਬੰਧਯੋ ਅਗਨੀ ਸ਼ਾਮਯ :" ਯਹ ਬ੍ਰਹਮਣ ਕੀ ਸ਼੍ਰਤਿ ਹੈ ਇਸਮੇਂ ਪੁਲਿੰਗ ਨਿਰਦੇਸ਼ ਯਹ ਜਾਨਾ ਜਾਤਾ ਹੈ ਕਿ ਬੈਲ ਆਦਿਕ ਕੋ ਮਾਰਨਾ ਗੈਯਾ ਕੋ ਨਹੀਂ, ਸੋ ਭੀ ਗੋਮੇਧ ਆਦਿਕ ਯੱਗੋਂ ਮੇਂ ਅੰਨਯਤ੍ਰ ਨਹੀਂ, ਕਿਉਂਕਿ ਬੈਲ ਆਦਿ ਸੇ ਭੀ ਮਨੁੱਖੋਂ ਕਾ ਬਹੁਤ ਉਪਕਾਰ ਹੋਤਾ ਹੈ, ਇਸ ਸੇ ਇਨਕੀ ਭੀ ਰੱਛਾ ਕਰਨੀ ਚਾਹਿਯੇ ਔਰ ਜੋ ਬੰਧਯਾ ਗਾਯ ਹੋਤੀ ਹੈ ਉਸਕਾ ਭੀ ਗੋ ਮੇਧ ਲਿਖਾ ਹੈ, ਯਥਾ॥

"ਸਥੂਲ ਪਸ਼ਤੀ ਅਗਨੇ ਵਾਰਣੋ ਮੰਡਵਾ ਹੋਮਾ ਲਭੇਤ" ਯਹ ਬ੍ਰਹਮਣ ਕੀ ਸ਼੍ਰਤਿ ਹੈ, ਇਸ ਮੇਂ ਇਸਤ੍ਰੀ ਲਿੰਗ ਔਰ ਸਥੂਲ ਪ੍ਰਖਤਾ ਵਿਸੇਸ਼ਣ ਸੇ ਬੰਧਯਾ ਗਾਯ ਲੀ ਜਾਤੀ ਹੈ, ਕਿਉਂਕਿ ਬੰਧਯਾ ਸੇ ਦੁਘਧ ਬਤਸ ਆਦਿਕੋਂ ਕੀ ਉਤਪਤਿ ਹੋਤੀ ਨਹੀਂ ਔਰ ਜੋ ਮਾਂਸ ਨਾ ਖਾਯ ਸੋ ਘ੍ਰਿਤ ਦੂਧ ਆਦਿਕੋਂ ਸੇ ਨਿਰ ਬਾਹ ਕਰੇ, ਕਿਉਂਕਿ ਘ੍ਰਿਤ ਦੁਘਧ ਆਦਿਕੋਂ ਸੇ ਭੀ ਬਹੁਤ ਪੁਸ਼ਟੀ ਹੋਤੀ ਹੈ ਸੋ ਜੋ ਮਾਂਸ ਖਾਯ ਅਥਵਾ ਘ੍ਰਿਤ ਆਦਿਕੋਂ ਸੇ ਨਿਰਬਾਹ ਕਰੈ ਵੋ ਭੀ ਸਭ ਅਗਨੀ ਮੇਂ ਹੋਮ ਕੇ ਬਿਨਾਂ ਨ ਖਾਯ ਕਿਉਂਕਿ ਜੀਵ ਕੇ ਮਾਰਨੇ ਸਮਯ ਪੀੜਾ ਹੋਤੀ ਹੈ ਉਸਸੇ ਕੁਛ ਪਾਪ ਭੀ ਹੋਤਾ ਹੈ॥

ਫਿਰ ਜਸ ਅਗਨੀ ਮੇਂ ਵੇ ਹੋਮ ਕਰੇਂਗੇ ਤੋਂ ਪ੍ਰਮਾਣੂ ਸੇ ਉਕਤ ਪ੍ਰਕਾਰ ਸਭ ਜੀਵੋਂ ਕੋ ਸੁਖ ਪਹੁੰਚੇਗਾ, ਏਕ ਜੀਵ ਕੀ ਪੀੜਾ ਸੇ ਪਾਪ ਭਯਾ ਸੋ ਭੀ ਥੋੜਾ ਸਾ ਗਿਨਾ ਜਾਯਗਾ ਅੰਨਥਾ ਨਹੀਂ, ਆਦਿ॥

ਦੋਹਰਾ

ਇਸ ਰਚਨਾ ਤੇ ਸਾਧ ਦੀ ਪ੍ਰਗਟ ਹੁੰਦੀ ਬੁੱਧ।
ਮਾਂਸ ਅੰਨ ਖਾਣਾਂ ਕਹੇ ਅਗਨਿ ਵਿੱਚ ਕਰ ਸ਼ੁੱਧ॥੮॥

ਭਾਵ-ਇਸ ਰਚਨਾ ਤੇ ਸਾਧੂ ਦਿਆਨੰਦ ਜੀ ਦੀ ਸਾਰੀ ਬੁੱਧਿ ਅਤੇ ਸਿਧਾਂਤ ਦਾ ਪਤਾ ਲੱਗ ਜਾਂਦਾ ਹੈ ਜਿਸ ਤੇ ਉਨ੍ਹਾਂ ਨੇ ਇਹ ਬਾਤ ਸਿੱਧ ਕਰ ਦਿੱਤੀ ਹੈ ਕੇ ਮਾਂਸ ਅਤੇ ਅੰਨ ਜਦ ਤਕ ਅਗਨੀ ਦੇ ਵਿੱਚ ਹਵਨ ਨਹੀਂ ਕੀਤਾ ਜਾਂਦਾ ਉਤਨਾਂ ਚਿਰ ਉਹ ਅਪਵਿਤ੍ਰ ਹੁੰਦੇ ਹਨ, ਜਿਸਤੇ ਸਾਧੂ ਅਗਨੀ ਨੂੰ ਦੇਵਤਾ ਜਾਨਕੇ ਉਸਦੀ ਆਹੂਤੀ ਦੇਨਾਂ ਉਤਮ ਸਮਝਦਾ ਹੈ, ਅਰ ਪੌਰਾਣਕ ਲੋਗ ਭੀ ਇਸੇ ਤਰ੍ਹਾਂ ਅਗਨੀ ਨੂੰ ਦੇਵਤਾ ਜਾਨਕੇ ਉਸ ਵਿੱਚ ਅਹੂਤੀ ਪਾ ਕੇ ਅਪਨੀ ਕਲਯਾਨ ਸਮਝਦੇ ਹਨ ਜਿਸ ਤੇ ਸਾਧੂ ਜੀ ਭੀ ਪੌਰਾਣਕ ਮਤ ਦੇ ਅਨੁਯਾਈ ਸੇ ਅਰ ਜੜ ਪਦਾਰਥਾਂ ਵਿੱਚ ਈਸ਼ੂਰ ਯਾ ਦੇਵਤਾ ਬੁੱਧਿ ਕਰਦੇ ਸਨ॥

ਇਸ ਤੇ ਅੱਗੇ ਜੋ ਉਹ ਪਸ਼ੂ ਮਾਰਨਾਂ ਅਰ ਅਗਨੀ ਵਿੱਚ ਭੁੰਨ ਕੇ ਉਸਨੂੰ ਖਾਣਾ ਜਿਸਦਾ ਨਾਮ ਅਸ਼੍ਵਮੇਧ ਅਤੇ ਗੋ ਮੇਧ ਦਸਕੇ ਵਿਧਾਨ ਕਰਦੇ ਹਨ ਉਸਦੇ ਭੀ ਸਰਧਾਲੂ ਸਨ ਅਰ ਚਾਹੁੰਦੇ ਸੇ ਕੇ ਲੋਗ ਯਗ ਕਰਨ ਜਿਨਾਂ ਵਿੱਚ ਘੋੜੇ ਸੰਢੇ ਗਾਈਆਂ ਅਤੇ ਬੈਲ ਮਾਰਕੇ ਖਾਇਆ ਕਰਨ, ਇਸ ਬਾਤ ਦੇ ਸਿੱਧ ਕਰਨੇ ਲਈ ਉਨ੍ਹਾਂ ਨੇ ਉੱਤ੍ਰ ਪ੍ਰਸ਼ਨ ਦੇ ਢੰਗ ਪਰ ਲਿਖਕੇ ਸਿੱਧ ਕੀਤਾ ਹੈ ਕੇ ਕਿਸੇ ਪਸ਼ੂ ਦਾ ਮਾਰਕੇ ਖਾਣਾ ਪਾਪ ਨਹੀਂ ਹੈ, ਬਲਕੇ ਸੰਸਾਰ ਦਾ ਉਪਕਾਰ ਹੈ, ਕਿਉਂ ਜੋ ਇਕ ਜੀਵ ਦੇ ਮਰਨੇ ਤੇ ਸੌ ਆਦਮੀ ਤ੍ਰਿਪਤ ਹੋ ਸਕਦਾ ਹੈ ਅਰ ਇਕ ਦੀ ਪੀੜਾ ਤੇ ਸੌ ਆਦਮੀ ਆਨੰਦ ਹੋ ਜਾਂਦੇ ਹਨ॥

ਪ੍ਰਸ਼ਨ ਕਰਤਾ ਦੇ ਇਸ ਕਥਨ ਦਾ ਕੇ ਕਿਸੇ ਜੀਵ ਨੂੰ ਮਾਰਨ ਵੇਲੇ ਪੀੜਾ ਹੁੰਦੀ ਹੈ ਖੰਡਨ ਕਰਨ ਲਈ ਸਗੋਂ ਇਹ ਯੁਕਤੀਆਂ ਦੇਂਦੇ ਹਨ ਕੇ ਐਸਾ ਤਾਂ ਅੱਖੀ ਝਮਕਨ ਨਾਲ ਭੀ ਕਈ ਜੀਵਾਂ ਨੂੰ ਪੀੜਾ ਹੁੰਦੀ ਹੈ ਅਰ ਇਸ ਡਰਤੇ ਤਾਂ ਭੋਜਨ ਉਪਰੋਂ ਮੱਖੀਆਂ ਭੀ ਉਡਾਉਣੀਆਂ ਨਹੀਂ ਚਾਹੀਦੀਆਂ, ਜਿਸ ਤੇ ਅੱਛੀ ਤਰ੍ਹਾਂ ਦੱਸਦੇ ਹਨ ਕੇ ਪਸ਼ੂਆਂ ਦੀ ਪੀੜਾ ਤੇ ਨਾ ਡਰੋ ਸਗੋਂ ਮਾਰਕੇ ਖੂਬ ਖਾਓ, ਮੌਜ ਉਡਾਓ॥

ਇਸੀ ਮਾਂਸ ਖਾਣੇ ਅਰ ਡੰਗਰਾਂ ਦੇ ਮਾਰਨ ਲਈ ਇਕ ਵੱਡੀ ਉੱਤਮ ਯੁਕਤੀ ਦੇਂਦੇ ਹਨ ਜਿਸ ਦੇ ਸੁਨਦੇ ਸਾਰ ਹੀ ਉਨ੍ਹਾਂ ਦੀ ਨਯਾਇ ਵਿਦਯਾ ਦਾ ਅੱਛਾ ਪਤਾ ਲੱਗ ਜਾਂਦਾ ਹੈ, ਜਿਸ ਤੇ ਸਿੱਧ ਹੁੰਦਾ ਹੈ ਕੇ ਉਹ ਕੈਸੇ ਉਕਤੀ ਯੁਕਤੀ ਵਿੱਚ ਪ੍ਰਧਾਨ ਸਨ ਅਤੇ ਉਨ੍ਹਾਂ ਦੀ ਯੁਕਤੀ ਕੈਸੀ ਪ੍ਰਬਲ ਹੁੰਦੀ ਸੀ।

ਆਪ ਲਿਖਦੇ ਹਨ ਕੇ ਜੇ ਪੰਖੀ, ਮੱਛੀਆਂ, ਅਰ ਗਾਈ, ਬੈਲ, ਘੋੜੇ ਖਾਧੇ ਨਹੀਂ ਜਾਨਗੇ ਤਾਂ ਇਹ ਇਤਨੇ ਵੱਧ ਜਾਨਗੇ ਕੇ ਖੇਤਾਂ ਵਿੱਚ ਅੰਨ ਭੀ ਨਹੀਂ ਹੋਨ ਦੇਨਗੇ ਅਰ ਜੇ ਅੰਨ ਨਾ ਹੋਇਆ ਤਦ ਆਦਮੀ ਮਰ ਜਾਨਗੇ ਜਿਸ ਤੇ ਸੰਸਾਰ ਦੀ ਬਹੁਤ ਹਾਨੀ ਹੋਵੇਗੀ, ਅਰ ਬਘਿਆੜ ਆਦਿਕ ਉਨ੍ਹਾਂ ਨੂੰ ਮਾਰਕੇ ਖਾਂਦੇ ਹੀ ਹਨ, ਜਿਸਤੇ ਤੁਸੀਂ ਭੀ ਉਨ੍ਹਾਂ ਜੈਸੇ ਹੀ ਹੋ ਕੇ ਖਾ ਜਾਓ॥

****

ਚਲਦਾ

ਪੁਆਧ ਦਰਪਣ (ਅਤੀਤ ਦੇ ਝਰੋਖੇ ਥੀਂ)

-ਡਾ. ਗੁਰਨਾਇਬ ਸਿੰਘ

'ਪੁਆਧੀ ਪੰਜਾਬੀ ਸੱਥ, ਮੁਹਾਲੀ' ਸੁਆਗਤਯੋਗ ਸੰਗਠਨ ਹੈ। ਇਸ ਦੀ ਅਗਵਾਈ ਵਿੱਚ ਪੁਆਧ ਬਾਰੇ ਕੀਤਾ ਜਾਣਾ ਵਾਲਾ ਖੋਜ ਕਾਰਜ ਪੁਆਧੀ ਲੋਕਾਂ ਅੰਦਰ ਆਪਣੇ ਰਾਜਨੀਤਿਕ ਤੇ ਸਭਿਆਚਾਰਕ ਹਿੱਤਾਂ ਨੂੰ ਸੁਰੱਖਿਅਤ ਕਰਨ ਦੀ ਚੇਤਨਾ ਦਾ ਹੀ ਸੰਚਾਰ ਨਹੀਂ ਕਰੇਗਾ ਸਗੋਂ ਗਲੋਬਲਾਈਜ਼ੇਸ਼ਨ ਦੇ ਇਸ ਦੌਰ ਅੰਦਰ ਸਮੁੱਚੇ ਵਿਸ਼ਵ ਵਿੱਚ ਚੱਲ ਰਹੇ ਛੋਟੇ ਸਭਿਆਚਾਰਾਂ ਦੇ ਬਚਾਓ ਤੇ ਵਿਕਾਸ ਦੇ ਅੰਦੋਲਨ ਵਿੱਚ ਆਪਣਾ ਸਨਮਾਨਯੋਗ ਹਿੱਸਾ ਪਾਵੇਗਾ। ਪੁਆਧੀ ਪੰਜਾਬੀ ਸੱਥ ਵਲੋਂ ਤਿਆਰ ਕੀਤੀ ਗਈ ਪੁਆਧ ਬਾਰੇ ਪਲੇਠੀ ਪੁਸਤਕ 'ਪੁਆਧ ਦਰਪਣ' ਇਸ ਦਿਸ਼ਾ ਵੱਲ ਪੁਟਿਆ ਪਹਿਲਾ ਠੋਸ ਅਕਾਦਮਿਕ ਕਦਮ ਹੈ। ਇਹ ਇਸ ਖਿੱਤੇ ਅੰਦਰ ਗੌਰਵ ਤੇ ਸਵੈਮਾਨ ਦੀ ਚੇਤਨਾ ਦਾ ਨਿਰਮਾਣ ਤੇ ਸੰਚਾਰ ਕਰਨ ਵਾਸਤੇ ਵਿਚਾਰਧਾਰਕ ਬੁਨਿਆਦ ਤਿਆਰ ਕਰਨ ਵਿੱਚ ਸਹਾਈ ਹੋਵੇਗਾ। ਇਸ ਪੁਸਤਕ ਨੂੰ ਮਨਮੋਹਨ ਸਿੰਘ ਦਾਊਂ ਨੇ ਸੁਚੱਜੇ ਢੰਗ ਨਾਲ ਸੰਪਾਦਤ ਕੀਤਾ ਹੈ। ਇਸ ਦੇ ਕੁੱਲ ਚਾਰ ਭਾਗ ਹਨ ਜਿਨ੍ਹਾਂ ਵਿੱਚ 22 ਖੋਜ ਭਰਪੂਰ ਲੇਖ ਹਨ।

ਪਹਿਲੇ ਭਾਗ ਵਿੱਚ ਪੁਆਧ ਦੇ ਭੂਗੋਲ ਤੇ ਭਾਸ਼ਾ ਬਾਰੇ ਸੱਤ ਖੋਜ ਪੱਤਰ ਸ਼ਾਮਲ ਕੀਤੇ ਗਏ ਹਨ ਜਿਨ੍ਹਾਂ ਦਾ ਵੇਰਵਾ ਇਸ ਤਰ੍ਹਾਂ: ਪੰਜਾਬੀ ਦੀ ਉਪ-ਬੋਲੀ ਪੁਆਧੀ ਤੇ ਉਸ ਦਾ ਭੂਗੋਲਿਕ ਖੇਤਰ-ਦਲੀਪ ਸਿੰਘ, ਪੁਆਧ ਦਾ ਭੂਗੋਲ ਅਤੇ ਇਸ ਦੀ ਵਿਲੱਖਣਤਾ-ਜਸਵਿੰਦਰ ਸਿੰਘ ਕਾਇਨੌਰ, ਪੁਆਧ ਦਾ ਭਾਸ਼ਾਈ ਵਿਸ਼ਲੇਸ਼ਣ-ਡਾ. ਨਿਰਮਲ ਸਿੰਘ ਬਾਸੀ, ਪੁਆਧ ਅਤੇ ਪੁਆਧੀ-ਡਾ. ਕਰਨੈਲ ਸਿੰਘ ਸੋਮਲ, ਪੁਆਧ ਦੀ ਭਾਸ਼ਾਈ ਵੰਨਗੀ-ਡਾ. ਜਸਵਿੰਦਰ ਸਿੰਘ ਧਾਲੀਵਾਲ, ਪੁਆਧ ਖੇਤਰ ਦੀ ਕਿਸਾਨੀ ਸ਼ਬਦਾਵਲੀ- ਮਨਦੀਪ ਸਿੰਘ, ਪੁਆਧ ਦੀਆਂ ਬੁਝਾਰਤਾਂ-ਭਾਸ਼ਾ ਫਰਕ-ਡਾ. ਗੁਰਵਿੰਦਰ ਸਿੰਘ। ਇਹ ਖੋਜ ਪੱਤਰ ਪੁਆਧ ਦੀ ਭੂਗੋਲਿਕ ਹੱਦਬੰਦੀ ਬਾਰੇ ਜਾਣਕਾਰੀ ਪ੍ਰਦਾਨ ਕਰਦੇ ਹੋਏ ਪੁਆਧੀ ਭਾਸ਼ਾ ਦੇ ਵਿਆਕਰਣ ਤੇ ਸ਼ਬਦਾਵਲੀ ਬਾਰੇ ਖੋਜ ਭਰਪੂਰ ਜਾਣਕਾਰੀ ਦੇਂਦੇ ਹੋਏ ਧਰਤੀ ਦੇ ਇਸ ਭਾਗ ਉੱਤੇ ਵਸਣ ਵਾਲੇ ਲੋਕਾਂ ਦੀ ਵੱਖਰੀ ਪਛਾਣ ਨਿਸ਼ਚਿਤ ਕਰਦੇ ਹਨ। ਇਨ੍ਹਾਂ ਖੋਜ ਪੱਤਰਾਂ ਵਿੱਚ ਪੁਆਧੀ ਸ਼ਬਦਾਵਲੀ ਨੂੰ ਸੰਭਾਲਣ ਦੇ ਸੁਚੇਤ ਯਤਨਾਂ ਵਿੱਚ ਮਨਦੀਪ ਸਿੰਘ ਦਾ ਖੋਜ ਪੱਤਰ ਵਿਲੱਖਣ ਮਹੱਤਵ ਦਾ ਧਾਰਨੀ ਹੈ। ਕਿਸੇ ਭਾਸ਼ਾ ਦਾ ਜਾਣਕਾਰੀ ਖੋਜ ਦੇ ਕਾਰਜ ਵਿੱਚ, ਗੁਆਚਿਆਂ ਨੂੰ ਭਾਲਣ ਲਈ ਕਿਵੇਂ ਸਹਾਈ ਹੁੰਦੀ ਹੈ, ਡਾ. ਕਰਨੈਲ ਸਿੰਘ ਸੋਮਲ ਦਾ ਖੋਜ ਪੱਤਰ ਇਸ ਤੱਥ ਦੀ ਗਵਾਹੀ ਹੈ। ਉਨ੍ਹਾਂ ਨੇ ਗਿਆਨੀ ਦਿੱਤ ਸਿੰਘ ਦੀ ਰਚਨਾ ਨੂੰ ਬਿਨਾਂ ਉਸ ਦੇ ਨਾਮ ਤੋਂ ਪਛਾਣ ਲਿਆ।

ਦੂਜੇ ਭਾਗ ਵਿੱਚ ਇਸ ਖਿੱਤੇ ਦੇ ਇਤਿਹਾਸਕ ਪਿਛੋਕੜ ਬਾਰੇ ਪੰਜ ਖੋਜ ਪੱਤਰ ਸ਼ਾਮਲ ਹਨ, ਉਨ੍ਹਾਂ ਦਾ ਵੇਰਵਾ ਇਸ ਤਰ੍ਹਾਂ ਹੈ: ਸਿੱਖ ਗੁਰੂ ਸਾਹਿਬਾਨ ਦੀ ਕਰਮਭੂਮੀ ਪੁਆਧ-ਡਾ. ਜਗਜੀਤ ਸਿੰਘ, ਅਨੰਦਪੁਰ ਸਾਹਿਬ ਦਾ ਇਤਿਹਾਸਕ ਪਿਛੋਕੜ-ਸੁਰਿੰਦਰ ਸਿੰਘ ਰਸੂਲਪੁਰ, ਭਲਾਂ ਕਿਸ ਤਰ੍ਹਾਂ ਦਾ ਸੀ ਯੁੱਧ ਚਮਕੌਰ ਦਾ-ਕਰਮਜੀਤ ਸਿੰਘ, ਸਰਹਿੰਦ ਦਾ ਪਿਛੋਕੜ ਤੇ ਸਾਕਾ ਸਰਹਿੰਦ-ਡਾ. ਹਰਚੰਦ ਸਿੰਘ ਸਰਹਿੰਦੀ, ਚੱਪੜ ਚਿੜੀ ਦੇ ਜੰਗ ਦਾ ਆਲੌਕਿਕ ਇਤਿਹਾਸ-ਨਿਰੰਜਨ ਸਿੰਘ ਸਾਥੀ। ਇਨ੍ਹਾਂ ਖੋਜ ਪੱਤਰਾਂ ਵਿੱਚ ਪੁਆਧ ਦੀ ਧਰਤੀ ਉੱਤੇ ਹੋਏ ਵਿਸ਼ਵ ਪੱਧਰੀ ਕਾਰਜਾਂ ਬਾਰੇ ਅਧਿਐਨ ਪੇਸ਼ ਕੀਤਾ ਹੈ। ਇਨ੍ਹਾਂ ਨੇ ਪੁਆਧ ਨੂੰ ਇਤਿਹਾਸ ਵਿੱਚ ਸਥਾਪਤ ਕੀਤਾ ਹੈ। ਪੁਆਧ ਦੀ ਧਰਤੀ ਉੱਤੇ ਖਾਲਸਾ ਸਾਜਨਾ ਦੇ ਰੂਪ ਵਿੱਚ ਵਿਸ਼ਵ ਨੂੰ ਵਿਲੱਖਣ ਰਾਜਨੀਤਿਕ ਵਿਚਾਰ ਪ੍ਰਦਾਨ

ਕਰਵਾਇਆ। ਇਸ ਵਿਚਾਰ ਨੂੰ ਹਕੀਕਤ ਦਾ ਰੂਪ ਦੇਣ ਲਈ ਸ਼ਹਾਦਤ ਦੇ ਸੰਕਲਪ ਨੂੰ ਦ੍ਰਿੜ ਕਰਵਾਇਆ। ਚਮਕੌਰ ਦੀ ਜੰਗ ਤੇ ਸਰਹਿੰਦ ਦਾ ਸਾਕਾ ਵਿਸ਼ਵ ਸਭਿਅਤਾ ਵਿੱਚ ਵਿਖੱਲਣ ਘਟਨਾਵਾਂ ਹਨ ਜਿਹੜੀਆਂ ਜੰਗ ਤੇ ਸ਼ਹਾਦਤ ਦੇ ਸੰਕਲਪਾਂ ਦੀ ਪੁਨਰ ਸਿਰਜਣਾ ਕਰ ਦਿੰਦੀਆਂ ਹਨ। ਚੱਪੜ ਚਿੜੀ ਦੀ ਇਤਿਹਾਸਕ ਜੰਗ ਦਾ ਸਥਾਨ ਪੁਆਧ ਹੈ। ਪੁਆਧ ਦੀ ਧਰਤੀ ਉਤੇ ਇਹੋ ਜਿਹਾ ਯੁਗ ਪਲਟਾਊ ਰਾਜਨੀਤਿਕ ਵਿਚਾਰ ਚਿੰਤਨ ਦੀ ਸ਼ਕਲ ਵਿੱਚ ਹੀ ਪੈਦਾ ਨਹੀਂ ਹੋਏ ਸਗੋਂ ਹਕੀਕਤ ਬਣ ਕੇ ਪਹਿਲੇ ਖਾਲਸਾ ਰਾਜ ਦੇ ਰੂਪ ਵਿੱਚ ਸਥਾਪਤ ਵੀ ਹੋਏ। ਫਤਿਹਗੜ੍ਹ ਸਾਹਿਬ ਦੇ ਪ੍ਰਤੀਕਆਤਮਕ ਅਰਥਾਂ ਵਿੱਚ ਗੱਲ ਸਮਝੀਏ ਤਾਂ ਇਹ ਸਥਾਨ ਸਰਹਿੰਦ ਦਾ ਰੋਜ਼ਾ ਸ਼ਰੀਫ ਜਿਸ ਨੂੰ ਦੂਜਾ 'ਮੱਕਾ' ਮੰਨਿਆ ਜਾਂਦਾ ਹੈ ਜਿਥੇ ਮੁਗਲ ਬਾਦਸ਼ਾਹ ਮਾਨਤਾ ਪ੍ਰਾਪਤ ਕਰਦਾ ਹੁੰਦਾ ਸੀ ਉੱਤੇ ਰਾਜਨੀਤੀ ਦਾ ਬਿਲਕੁੱਲ ਹੀ ਨਿਵੇਕਲਾ ਰੂਪ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਤੇ ਬੰਦਾ ਸਿੰਘ ਬਹਾਦਰ ਦੀ ਜਿੱਤ ਦੀ ਸ਼ਕਲ ਵਿੱਚ ਹਕੀਕਤ ਬਣਦਾ ਹੈ। ਪੁਸਤਕ ਦਾ ਇਹ ਭਾਗ ਇਸ ਪੱਖ ਤੋਂ ਇਤਿਹਾਸਕ ਤੱਥਾਂ ਨੂੰ ਸੰਭਾਲਦਾ ਤੇ ਪੇਸ਼ ਕਰਦਾ ਹੈ।

ਤੀਜੇ ਭਾਗ ਵਿੱਚ ਪੁਆਧ ਦੇ ਸਭਿਆਚਾਰ ਬਾਰੇ ਸੱਤ ਖੋਜ ਪੱਤਰ ਸ਼ਾਮਲ ਕੀਤੇ ਗਏ ਹਨ ਜਿਨ੍ਹਾਂ ਦਾ ਵੇਰਵਾ ਇਸ ਤਰ੍ਹਾਂ ਹੈ: ਬਾਤਾਂ ਦੇਸ਼ ਪੁਆਧ ਦੀਆਂ-ਡਾ. ਨਿਰਮਲ ਸਿੰਘ ਲਾਂਬੜਾ, ਪੁਆਧ ਦੇ ਜੀਵਨ ਨੂੰ ਯਾਦ ਕਰਦਿਆਂ-ਡਾ. ਐਸ.ਐਸ. ਕਿਸ਼ਨਪੁਰੀ, ਪੁਆਧ ਦੇ ਰਸਮ ਰਿਵਾਜ਼, ਰਹਿਣ-ਸਹਿਣ ਅਤੇ ਆਚਾਰ-ਵਿਹਾਰ -ਡਾ. ਗੁਰਮੀਤ ਸਿੰਘ ਬੈਦਵਾਣ, ਪੁਆਧ ਦੀਆਂ ਅਲੋਪ ਹੋ ਰਹੀਆਂ ਵਿਆਹ ਰਸਮਾਂ ਤੇ ਲੋਕ-ਗੀਤ ਕਮਲ ਕੁਮਾਰ, ਪੁਆਧ ਦੀਆਂ ਔਰਤਾਂ ਦੀ ਜੀਵਨ ਸ਼ੈਲੀ ਵਿੱਚ ਕਲਾ ਦਰਪਣ-ਦਲਜੀਤ ਕੌਰ ਦਾਊਂ, ਪੁਆਧ ਦੀ ਅਖਾੜਾ ਗਾਇਨ ਪਰੰਪਰਾ-ਮਨਮੋਹਨ ਕੌਰ, ਪੁਆਧੀ ਬਾਲ-ਖੇਡ ਤਿਉਹਾਰ ਗੜਬੜੇ-ਮਨਮੋਹਨ ਸਿੰਘ ਦਾਊਂ। ਵਿਦਵਾਨਾਂ ਨੇ ਇਨ੍ਹਾਂ ਖੋਜ ਪੱਤਰਾਂ ਵਿੱਚ ਇਸ ਧਰਤੀ ਦੇ ਲੋਕਾਂ ਦੇ ਨਿਰਛੱਲ ਸੁਭਾਅ ਦੇ ਕਲਾਕਾਰ ਦਿਲ ਦਾ ਅਧਿਐਨ ਪੇਸ਼ ਕੀਤਾ ਹੈ। ਇਹ ਤੱਥ ਉਭਰ ਕੇ ਸਾਹਮਣੇ ਆਇਆ ਹੈ ਕਿ ਇਹ ਲੋਕ ਰੰਗੀਲੇ ਸਨ। ਗੁੜ ਦਾ ਵਪਾਰ ਕਰਦੇ ਸਨ, ਮਿਠਾਸ ਵੰਡਦੇ ਸਨ। ਅੰਬ ਵੇਚਦੇ ਸਨ। ਜਿਸ ਨੇ ਇਕ ਵਾਰ ਬਾਗਾਂ ਵਾਲੇ (ਮੋਰਿੰਡਾ) ਦੇ ਅੰਬ ਚੂਪ ਲਏ ਉਸ ਨੂੰ ਹੋਰ ਕੋਈ ਅੰਬ ਪਸੰਦ ਨਹੀਂ ਸੀ ਆਉਂਦਾ। ਪੁਆਧ ਅੰਬਾਂ ਦੇ ਬਾਗਾਂ ਦਾ ਦੇਸ਼ ਸੀ। ਦੋ ਸ਼ਹਿਰ ਬਾਗਾਂ ਵਾਲਾ ਜਿਸ ਨੂੰ ਮੋਰਿੰਡਾ ਕਹਿੰਦੇ ਹਨ। ਬਹੁਤ ਬਾਗ ਹੋਣ ਕਾਰਨ ਹੀ ਬਾਗਾਂ ਵਾਲਾ ਅਖਵਾਇਆ। ਇਸੇ ਤਰ੍ਹਾਂ ਅੰਬਾਲੇ ਦਾ ਨਾਮ ਵੀ ਅੰਬਾਂ ਵਾਲਾ ਅਰਥਾਤ ਅੰਬਾਂ ਦੇ ਬਾਗਾਂ ਕਾਰਨ ਹੀ ਧਰਿਆ ਗਿਆ ਸੀ।

ਗੁੜ ਤੇ ਅੰਬ ਦੋ ਜਿਣਸਾਂ, ਫਸਲਾਂ ਜਾਂ ਵਪਾਰਕ ਵਸਤਾਂ ਹੀ ਨਹੀਂ ਇਹ ਸਭਿਆਚਾਰਕ ਪ੍ਰਤੀਕ ਹਨ, ਇਹ ਕਦਰਾਂ ਹਨ, ਨੈਤਿਕਤਾ ਹੈ ਕਿ ਕੋਈ ਸਮਾਜ ਕਿਸ ਮਾਨਵੀ ਮੁੱਲ ਦਾ ਵਪਾਰ ਕਰਦਾ ਹੈ। ਇਨ੍ਹਾਂ ਲੋਕਾਂ ਦੇ ਪਹਿਰਾਵੇ ਤੇ ਗੀਤ ਕਿਹੋ ਜਿਹੇ ਸਨ ਇਹ ਖੋਜ ਪੱਤਰ ਇਨ੍ਹਾਂ ਦਾ ਅਧਿਐਨ ਕਰਦੇ ਹਨ। ਇਸ ਇਲਾਕੇ ਵਿੱਚ ਭਾਂਡੇ ਤੇ ਹੋਰ ਵਰਤਣ ਦਾ ਸਾਮਾਨ ਕਿਸ ਕਾਰੀਗਰੀ ਨਾਲ ਬਣਾਇਆ ਜਾਂਦਾ ਸੀ, ਇਸ ਬਾਰੇ ਦਲਜੀਤ ਕੌਰ ਦਾਊਂ ਦੇ ਖੋਜ ਪੱਤਰ ਵਿੱਚ ਭਰਪੂਰ ਜਾਣਕਾਰੀ ਸੰਭਾਲੀ ਹੈ। ਅਖਾੜਾ ਪਰੰਪਰਾ ਤੇ ਇਹ ਗਾਇਨ ਸ਼ੈਲੀ ਸਿਰਫ਼ ਪੁਆਧ ਦੀ ਹੀ ਸਿਰਜਣਾ ਹੈ, ਇਸ ਦਾ ਸਿਰਜਕ ਭਗਤ ਆਸਾ ਰਾਮ ਨੂੰ ਮੰਨਿਆ ਗਿਆ ਹੈ। ਉਹ ਕਿਹੋ ਜਿਹਾ ਅਣਖੀ ਗਾਇਕ ਸੀ ਇਸ ਬਾਰੇ ਖੋਜ ਭਰਪੂਰ ਜਾਣਕਾਰੀ ਪੇਸ਼ ਕੀਤੀ ਗਈ ਹੈ। ਉਸ ਨੇ ਮਹਾਰਾਜਾ ਪਟਿਆਲੇ ਤੋਂ ਗਾਇਣ ਬਦਲੇ ਭੇਟਾ ਲੈਣ ਤੋਂ ਇਨਕਾਰ ਕਰਕੇ ਕਲਾਕਾਰ ਦੀ ਸਖਸ਼ੀਅਤ ਤੇ ਉੱਚੇ ਗੁਣ ਨੂੰ ਪ੍ਰਗਟ ਕੀਤਾ। ਮਨਮੋਹਨ ਸਿੰਘ ਦਾਊਂ ਦਾ ਖੋਜ ਪੱਤਰ ਇਸ ਕਰਕੇ ਵਿਲੱਖਣ ਹੈ ਕਿਉਂਕਿ ਗੜਬੜੇ ਬੱਚਿਆਂ ਦੇ ਤਿਉਹਾਰ ਵਜੋਂ ਸਿਰਫ ਪੁਆਧ ਵਿੱਚ ਹੀ ਮਨਾਇਆ ਜਾਂਦਾ ਹੈ। ਕਮਲ ਕੁਮਾਰ ਨੇ ਆਪਣੇ ਖੋਜ ਪੱਤਰ ਵਿੱਚ ਪੁਆਧ ਵਿਚੋਂ ਅਲੋਪ ਹੋ ਰਹੀਆਂ ਵਿਆਹ ਰਸਮਾਂ ਦੇ ਲੋਕ ਗੀਤਾਂ ਨੂੰ ਸੰਭਾਲਿਆ ਹੈ।

ਡਾ. ਗੁਰਮੀਤ ਸਿੰਘ ਬੈਦਵਾਨ ਦੇ ਖੋਜ ਪੱਤਰ ਨੇ 'ਪੁਆਧ' ਨੂੰ ਪੁਆਧੀ ਭਾਸ਼ਾ ਵਿੱਚ ਹੀ ਪੇਸ਼ ਕਰਕੇ, ਇਕ ਵਿਲੱਖਣ ਕਿਸਮ ਦਾ ਕਾਰਜ ਕੀਤਾ ਹੈ। ਉਸ ਦਾ

ਇਹ ਨਿਬੰਧ ਕਲਾ ਪੱਖੋਂ ਵੀ ਮਿਸਾਲੀ ਹੈ। ਪੁਆਧੀ ਭਾਸ਼ਾ ਵਿੱਚ ਗਲਪ ਜਾਂ ਗੀਤ ਤਾਂ ਪਹਿਲਾਂ ਮੌਜੂਦ ਸੀ ਪਰ ਵਾਰਤਕ ਦੀ ਕੋਈ ਰਚਨਾ ਉਪਲੱਭਧ ਨਹੀਂ ਸੀ। ਡਾ. ਬੈਦਵਾਨ ਨੇ ਇਸ ਨਿਬੰਧ ਰਾਹੀਂ ਪੁਆਧੀ ਜੀਵਨ ਤੋਂ ਵੱਖ ਪੁਆਧੀ ਭਾਸ਼ਾ ਦੇ ਵਿਸ਼ਲੇਸ਼ਣ ਵਾਸਤੇ ਇਕ ਟੈਕਸਟ ਦਾ ਨਮੂਨਾ (ਪਾਠ ਸਮੱਗਰੀ) ਭਾਸ਼ਾ ਵਿਗਿਆਨੀਆਂ ਨੂੰ ਲਿਖਤੀ ਰੂਪ ਵਿੱਚ ਉਪਲੱਭਧ ਕਰਵਾਇਆ ਹੈ। ਡਾ. ਐਸ.ਐਸ. ਕਿਸ਼ਨਪੁਰੀ ਦਾ ਖੋਜ ਪੱਤਰ ਵੱਖਰੀ ਕਿਸਮ ਦੀ ਜਾਣਕਾਰੀ ਨਾਲ ਭਰਪੂਰ ਹੈ। ਪੁਆਧ ਵਿੱਚ ਰਸਤਿਆਂ ਤੇ ਆਵਾਜਾਈ ਦੇ ਸਾਧਨਾਂ ਦਾ ਵਿਕਾਸ ਕਿਵੇਂ ਹੋਇਆ ਬਾਰੇ ਸ਼ਾਇਦ ਇਹ ਪੰਜਾਬੀ ਵਿੱਚ ਪਹਿਲਾ ਲੇਖ ਹੀ ਹੋਵੇ, ਕਿਉਂਕਿ ਪੰਜਾਬੀ ਲੋਕਾਂ ਨੇ ਆਪਣੇ ਇਤਿਹਾਸ ਨੂੰ ਗੱਲੀਬਾਤੀਂ ਹੀ ਸਾਂਭਿਆ ਹੈ, ਉਸ ਨੂੰ ਲਿਖਤਬੱਧ ਰੂਪ ਵਿੱਚ ਸਾਂਭਣ ਦੀ ਚੇਤਨਾ ਦੀ ਅਣਹੋਂਦ ਕਾਰਨ ਅਸੀਂ ਆਪਣੇ ਪੜਦਾਦੇ ਦਾ ਨਾਮ ਵੀ ਨਹੀਂ ਯਾਦ ਰੱਖ ਸਕੇ।


ਪੁਆਧ ਦੇ ਸਭਿਆਚਾਰ ਬਾਰੇ ਗੱਲ ਬਾਈ ਬੰਨੋ ਤੋਂ ਬਿਨਾ ਅਧੂਰੀ ਹੈ। ਬਾਈ (ਗਾਉਣ ਵਾਲੀ) ਦੇ ਨਾਮ ਉੱਤੇ ਕਿਸੇ ਨਗਰ ਦਾ ਨਾਮ ਧਰੇ ਜਾਣ ਦਾ ਅਰਥ ਹੈ ਕਲਾ ਦਾ ਸਬੰਧਤ ਸਮਾਜ ਅੰਦਰ ਰੁਤਬਾ। ਬਨੂੜ ਨਗਰ ਨੂੰ ਇਹ ਮਾਣ ਹਾਸਲ ਹੈ। ਬਾਈ ਬੰਨੋ ਤਾਨਸੈਨ ਦੇ ਦੀਪਕ ਰਾਗ ਨਾਲ ਭੁਜ ਰਹੇ ਬੈਜੂਬਾਵਰੇ ਨੂੰ ਆਪਣੇ ਖੂਹ ਦਾ ਪਾਣੀ (ਇਹ ਖੂਹ ਅੱਜ ਵੀ ਚੰਡੀਗੜ੍ਹ-ਪਟਿਆਲਾ ਸੜਕ ਦੇ ਕੰਢੇ ਬਨੂੜ ਵਿਖੇ ਸਲਾਮਤ ਹੈ) ਹੀ ਨਹੀਂ ਪਿਆਉਂਦੀ ਸਗੋਂ ਮਲ੍ਹਾਰ ਰਾਗ ਨਾਲ ਠੰਢਾ ਕਰਕੇ ਸ਼ਾਹੀ ਗਵੱਈਏ ਤਾਨਸੈਨ ਦੇ ਹੰਕਾਰ ਨੂੰ ਦੂਜੇ ਨੂੰ ਸਨਮਾਨ ਕਰਨ ਦੀ ਸੋਝੀ ਵੀ ਬਖਸ਼ਦੀ ਹੈ। ਮਲ੍ਹਾਰ ਰਾਗ ਨੂੰ ਪੂਰੀ ਸ਼ਿੱਦਤ ਨਾਲ ਗਾਉਣ ਦੀ ਮੁਹਾਰਤ ਰੱਖਣ ਵਾਲੀ ਬਾਈ ਬੰਨੋ ਪੁਆਧ ਦਾ ਸ਼ਿੰਗਾਰ ਹੈ। ਇਸ ਰਾਗ ਨੂੰ ਪੂਰੇ ਜੋਬਨ ਉੱਤੇ ਗਾ ਕੇ ਮੀਂਹ ਵਰਸਾਉਣ ਦੀ ਲੋਕ ਯਾਦ ਆਸਾ ਰਾਮ ਦੇ ਨਾਮ ਨਾਲ ਵੀ ਜੁੜੀ ਹੋਈ ਹੈ। ਜਿਸ ਨੇ ਪੁਆਧ ਦੀ ਭੁੱਜਦੀ ਧਰਤੀ ਲਈ ਮੇਘ ਨੂੰ ਬੰਨ੍ਹ ਲਿਆਂਦਾ ਸੀ।

ਪੁਸਤਕ ਦੇ ਚੌਥੇ ਭਾਗ ਵਿੱਚ ਸ਼ਾਮਲ ਤਿੰਨ ਖੋਜ ਪੱਤਰਾਂ ਦਾ ਵੇਰਵਾ ਇਸ ਤਰ੍ਹਾਂ ਹੈ: ਪੁਆਧ ਖੇਤਰ ਦੇ ਦਰਿਆ, ਨਦੀਆਂ, ਨਾਲੇ, ਚੋਅ ਅਤੇ ਜਲਗਾਹਾਂ-ਡਾ. ਡੀ.ਪੀ. ਸਿੰਘ, ਪੁਆਧ ਦਾ ਬਨਸਪਤੀ ਜਗਤ-ਡਾ. ਗੁਲਜਾਰ ਸਿੰਘ ਚੱਠਾ, ਪੁਆਧ ਦੇ ਰੁੱਖ, ਬੂਟੇ ਤੇ ਫਸਲਾਂ-ਦਿਲਸ਼ੇਰ ਸਿੰਘ ਨਿਰਦੋਸ਼। ਜਲ ਸਰੋਤਾਂ ਦੇ ਸਬੰਧ ਵਿੱਚ ਪੁਆਧ ਦਾ ਇਲਾਕਾ ਭਾਖੜਾ ਡੈਮ ਨਾਲ ਸਬੰਧਤ ਹੋਣ ਕਾਰਨ ਦੁਨੀਆਂ ਦੇ ਨਕਸ਼ੇ ਉੱਤੇ ਅੰਕਤ ਹੈ ਤੇ ਇਹ ਊਰਜਾ ਸਰੋਤ ਵਜੋਂ ਸਥਾਪਤ ਹੈ। ਇਸ ਦੀ ਮਹੱਤਤਾ ਦਾ ਪਤਾ ਨੰਦ ਨਾਲ ਨੂਰਪੂਰੀ ਦੇ ਇਸ ਗੀਤ ਤੋਂ ਵੀ ਲਗਦਾ ਹੈ: 'ਭਾਖੜੇ ਤੋਂ ਆਉਂਦੀ ਮੁਟਿਆਰ ਨੱਚਦੀ'। ਬਿਜਲੀ, ਪਾਣੀ ਤੋਂ ਇਲਾਵਾ ਪੰਜਾਬ ਵਿੱਚ ਸੜਕਾਂ, ਇਮਾਰਤਾਂ ਤੇ ਘਰਾਂ ਦੀ ਉਸਾਰੀ ਵਾਸਤੇ ਰੇਤਾ ਬਜਰੀ ਦਾ ਭੰਡਾਰ ਵੀ ਇਸ ਇਲਾਕੇ ਦੀ ਵਿਕਾਸਮੁੱਖੀ ਸਾਰਥਕਤਾ ਸਿੱਧ ਕਰਦਾ ਹੈ। ਘੱਗਰ ਦਰਿਆ ਇਸ ਧੰਦੇ ਦਾ ਸਰੋਤ ਹੈ। ਜ਼ੀਰਕਪੁਰ ਤੇ ਮੁਬਾਰਕਪੁਰ ਦੋ ਪ੍ਰਮੁੱਖ ਨਗਰ ਹਨ। ਪੁਸਤਕ ਦਾ ਇਹ ਭਾਗ ਪੁਆਧ ਦੇ ਵੱਖਰੇ ਹੀ ਨੈਣ ਨਕਸ਼ ਉਜਾਗਰ ਕਰਦਾ ਹੈ।

ਪੁਸਤਕ ਦੇ ਅੰਤ ਵਿੱਚ 'ਚੰਡੀਗੜ੍ਹ ਵਸਾਉਣ ਲਈ ਪੁਆਧ ਦੇ ਉਜਾੜੇ ਗਏ ਪਹਿਲੇ ਪਿੰਡਾਂ ਦੀ ਸੂਚੀ' ਸਿਰਲੇਖ ਅਧੀਨ ਤਿੰਨ ਸੂਚੀਆਂ ਦਰਜ ਕੀਤੀਆਂ ਗਈਆਂ ਹਨ। ਪਹਿਲੀ ਸੂਚੀ ਵਿੱਚ ਉਨ੍ਹਾਂ 17 ਪਿੰਡਾਂ ਦੇ ਨਾਮ ਦਰਜ ਕੀਤੇ ਗਏ ਹਨ ਜਿਨ੍ਹਾਂ ਨੂੰ ਪੰਜਾਬ ਵਿੱਚ ਵਸੇਬੇ ਲਈ ਠਹਿਰ ਦਿੱਤੀ ਗਈ ਹੈ। ਦੂਜੀ ਸੂਚੀ ਵਿੱਚ ਉਨ੍ਹਾਂ ਗਿਆਰਾਂ ਪਿੰਡਾਂ ਦੇ ਨਾਮ ਦਰਜ ਹਨ ਜਿਨ੍ਹਾਂ ਦੀਆਂ ਜ਼ਮੀਨਾਂ ਲੈ ਲਈਆਂ ਗਈਆਂ ਪਰ ਪਿੰਡ ਲਾਲ ਲਕੀਰ ਦੇ ਅੰਦਰ ਰੱਖੇ ਗਏ ਹਨ। ਇਸ ਤਰ੍ਹਾਂ ਇਹ ਕੁੱਲ 50 ਪਿੰਡਾਂ ਦੀ ਸੂਚੀ ਹੈ। ਇਸ ਸੂਚੀ ਨਾਲ ਇਹ ਪੁਸਤਕ ਪੰਜਾਬ ਦੇ ਇਤਿਹਾਸ ਦੇ ਇੱਕ ਵੱਖਰੇ ਚੈਪਟਰ ਨੂੰ ਮੁਖਾਤਬ ਹੁੰਦੀ ਹੈ। ਮਾਨਵ ਦੇ ਵਿਕਾਸ ਹਿੱਤ ਪ੍ਰਬੰਧਕੀ ਲੋੜਾਂ ਅਧੀਨ ਵਿਗਿਆਨਕ ਢੰਗ ਨਾਲ ਨਵੇਂ ਨਗਰ ਵਸਾਉਣ ਦੀ ਯੋਜਨਾ ਅਧੀਨ ਸਦੀਆਂ ਤੋਂ ਵਸ ਰਹੇ ਪਿੰਡ ਕਿਵੇਂ ਅਚਨਚੇਤ ਹੀ ਧਰਤੀ ਦੇ ਨਕਸ਼ੇ ਤੋਂ ਸਦਾ-ਸਦਾ ਲਈ ਅਲੋਪ ਕਰ ਦਿੱਤੇ ਜਾਂਦੇ ਹਨ। ਚੰਡੀਗੜ੍ਹ ਦਾ ਜਨਮ, ਉਨ੍ਹਾਂ ਪਿੰਡਾਂ ਦੀ ਮੌਤ ਦੀ ਲੋਕ ਕਥਾ ਨੂੰ ਜਨਮ ਦਿੰਦਾ ਹੈ ਜਿਸ ਨੇ ਹਾਲੀ ਪੰਜਾਬ ਸਾਹਿਤ ਦਾ ਖਾਸ ਕਰਕੇ

ਬਾਕੀ ਸਫਾ 18 ਤੇ

ਲੇਖੁ ਨ ਮਿਟਈ ਹੇ ਸਖੀ



-ਹਰੀ ਸਿੰਘ ਕੁਵੈਤ ਵਾਲੇ

ਭਗਤ ਤ੍ਰਿਲੋਚਨ ਜੀ ਕਾਫੀ ਸਮੇਂ ਤੋਂ ਪ੍ਰਮਾਤਮਾ ਦੀ ਭਗਤੀ ਕਰਦੇ ਆ ਰਹੇ ਸਨ ਪਰ ਅਜੇ ਤੱਕ ਦਰਸ਼ਨ ਨਸੀਬ ਨਹੀਂ ਹੋਏ ਸਨ। ਘਰ ਵਾਲੀ ਹਰ ਸਮੇਂ ਗਿਲੇ ਕਰਦੀ ਰਹਿੰਦੀ ਕਿ ਤੁਸੀਂ ਕਹਿੰਦੇ ਹੋ ਕਿ ਨਾਮ ਜਪਣ ਵਾਲਿਆਂ ਦੀਆਂ ਸਾਰੀਆਂ ਇਛਾਵਾਂ ਆਪਣੇ ਆਪ ਪੂਰੀਆਂ ਹੋ ਜਾਂਦੀਆਂ ਹਨ ਤੇ ਇਥੋਂ ਤੱਕ ਕਿ ਮੱਥੇ ਦੇ ਬੁਰੇ ਲੇਖ ਵੀ ਮਿੱਟ ਜਾਂਦੇ ਹਨ। ਸੋਚਦੀ ਹਾਂ ਕਿ ਜੇ ਇੱਕ ਪੁੱਤਰ ਵੀ ਹੁੰਦਾ ਤਾਂ ਘਟੋ ਘੱਟ ਬੁਢਾਪੇ ਦਾ ਸਹਾਰਾ ਤਾਂ ਬਣਦਾ। ਸਾਧੂ ਸੰਤ ਆਉਂਦੇ ਰਹਿੰਦੇ ਹਨ ਉਨ੍ਹਾਂ ਦੀ ਸੇਵਾ ਵੀ ਨਹੀਂ ਹੁੰਦੀ। ਭਗਤ ਜੀ ਬੜੇ ਪਿਆਰ ਨਾਲ ਸਮਝਾਣ ਦਾ ਯਤਨ ਕਰਦੇ ਰਹਿੰਦੇ ਕਿ ਭਲੀਏ ਲੋਕ ! ਇਹ ਜੋ ਸਾਨੂੰ ਦੁੱਖ ਸੁੱਖ, ਇਜ਼ੱਤ ਬੇਇਜ਼ਤੀ, ਮਿਲਣਾ ਵਿਛੜਨਾ, ਨਫ਼ਾ ਨੁਕਸਾਨ, ਪਰਵਾਰਿਕ ਸੰਬੰਧ ਸਭ ਸਾਡੇ ਪਿਛਲੇ ਜਨਮਾਂ ਦੇ ਕਰਮਾਂ ਅਨੁਸਾਰ ਮਿਲਦੇ ਹਨ। ਸਭ ਕਰਮਾਂ ਦੀ ਖੇਡ ਹੈ। ਹੋਰ ਜੋ ਤੂੰ ਪੁੱਤਰ ਤੋਂ ਮਿਲਣ ਵਾਲੇ ਸੁੱਖਾਂ ਦਾ ਖਿਆਲ ਕਰਦੀ ਹੈਂ ਇਹ ਸੱਚ ਨਹੀਂ। ਵੇਖਣ ਵਿੱਚ ਆਉਂਦਾ ਹੈ ਕਿ ਚਾਰ-ਚਾਰ ਜਾਂ ਪੰਜ-ਪੰਜ ਪੁੱਤਰਾਂ ਵਾਲਿਆਂ ਨੂੰ ਵੀ ਉਨ੍ਹਾਂ ਪਾਸੋਂ ਕੋਈ ਸੁੱਖ ਨਸੀਬ ਨਹੀਂ ਹੁੰਦਾ। ਇਕ ਮਾਂ-ਆਪਣੇ ਪੁੱਤਰ ਲਈ ਕਿੰਨੀਆਂ ਮੁਸ਼ਕਲਾਂ ਸਹਾਰ ਕੇ ਪਾਲਦੀ ਪੋਸਦੀ ਹੈ। ਪਹਿਲਾਂ ਨੌ ਮਹੀਨੇ ਆਪਣੀ ਕੁਖ ਵਿੱਚ ਰੱਖਦੀ ਹੈ, ਜਨਮ ਸਮੇਂ ਪ੍ਰਸੂਤ ਦੀਆਂ ਪੀੜ੍ਹਾਂ ਝਲਦੀ ਹੈ ਤੇ ਆਪਣਾ ਦੁੱਧ ਪਿਲਾ ਲੇ ਵੱਡਾ ਕਰਦੀ ਹੈ। ਪੜ੍ਹਾ ਲਿਖਾ ਕੇ ਕਿਸੇ ਕਾਰੋਬਾਰ ਜਾਂ ਨੌਕਰੀ ਕਰਨ ਦੇ ਕਾਬਲ ਬਣਾਉਂਦੀ ਹੈ। ਜਦ ਵਿਆਹ ਹੋ ਗਿਆ ਤਾਂ ਉਹ ਆਪਣਾ ਘਰ ਅਲੱਗ ਬਸਾ ਲੈਂਦਾ ਹੈ। ਇਸ ਲਈ ਇਨ੍ਹਾਂ ਝੂਠੇ ਸਹਾਰਿਆਂ ਦੀਆਂ ਆਸਾਂ ਰੱਖਣੀਆਂ ਫਜ਼ੂਲ ਹਨ। ਚਿੰਤਾ ਨਾ ਕਰ ਪ੍ਰਮਾਤਮਾ ਜ਼ਰੂਰ ਸਾਡੀ ਸੰਭਾਲ ਕਰੇਗਾ ਤੇ ਉਸ ਨੂੰ ਦੋਸ਼ ਦੇਣਾ ਠੀਕ ਨਹੀਂ:-

ਨਾਰਾਇਣ ਨਿੰਦਸਿ ਕਾਇ ਭੂਲੀ ਗਵਾਰੀ॥
ਦੁਕ੍ਰਿਤੁ ਸੁਕ੍ਰਿਤੁ ਥਾਰੋ ਕਰਮੁ ਰੀ॥੧॥

(ਅੰਗ ੬੯੫)

ਇਹ ਸਭ ਵੇਖ ਕੇ ਪ੍ਰਮਾਤਮਾ ਨੂੰ ਦਇਆ ਆਈ। ਨਿਰਗੁਣ ਤੋਂ ਸਰਗੁਣ ਸਰੂਪ ਹੋ ਕੇ ਪ੍ਰਗਟ ਹੋਏ ਤੇ ਇਕ ਨੌਕਰ ਬਣ ਕੇ ਭਗਤ ਦੇ ਘਰ ਆ ਗਏ। ਜਿਵੇਂ ਕਿਸੇ ਨੇ ਲਿਖਿਆ ਹੈ ਬਣ ਕੇ ਦਾਸ ਭਗਤ ਦੇ ਘਰ ਆਇਆ, ਮਾਲਕ ਸਾਰੀ ਦੁਨੀਆ ਦਾ' ਤੇ ਮਾਤਾ ਨੂੰ ਕਿਹਾ "ਮੈਨੂੰ ਨੌਕਰੀ ਚਾਹੀਦੀ ਹੈ। ਮੈਂ ਸਾਰੇ ਕੰਮ, ਰੋਟੀ ਪਕਾਉਣ, ਘਰ ਦੀ ਸਫਾਈ ਤੇ ਹਰ ਪ੍ਰਕਾਰ ਦੀ ਸੇਵਾ ਦਿਲ ਲਗਾ ਕੇ ਇਮਾਨਦਾਰੀ ਨਾਲ ਕਰਾਂਗਾ।" ਮਾਤਾ ਸੁਣ ਕੇ ਬਹੁਤ ਖੁਸ਼ ਹੋਈ "ਬਹੁਤ ਚੰਗਾ, ਅੱਜ ਤੋਂ ਹੀ ਕੰਮ ਆਰੰਭ ਕਰ ਦੇ। ਹਾਂ ਤੇਰਾ ਨਾਮ ਕੀ ਹੈ?" ਪ੍ਰਮਾਤਮਾ ਨੇ ਉੱਤਰ ਦਿੱਤਾ, "ਨੌਕਰਾਂ ਦਾ ਕਾਹਦਾ ਨਾਮ। ਤੁਸੀਂ ਜੋ ਮਰਜ਼ੀ ਰੱਖ ਲਵੋ। ਚਲੋ ਅੰਤਰਜ਼ਾਮੀ ਹੀ ਬੁਲਾ ਲਿਆ ਕਰਨਾ।" ਜਦੋਂ ਤਨਖਾਹ ਦੀ ਗੱਲ ਹੋਈ ਤਾਂ ਉਹ ਬੋਲੇ "ਇਸ ਵਾਰੇ ਕੋਈ ਸ਼ਰਤ ਨਹੀਂ। ਗੱਲ ਏਨੀ ਹੈ ਕਿ ਜਿਨੇ ਚਿਰ ਤੱਕ ਤੁਸੀਂ ਮੇਰੇ ਨਾਲ ਪ੍ਰੇਮ ਕਰਦੇ ਰਹੋਗੇ ਮੈਂ ਸੇਵਾ ਕਰਦਾ ਰਹਾਂਗਾ ਪਰ ਜੇ ਕੋਈ ਮੇਰੀ ਨਿੰਦਾ ਕਰ ਦੇਵੇ ਤਾਂ ਮੈਂ ਚਲਾ ਜਾਂਵਾਗਾ।" ਮਾਤਾ ਦੀ ਤਸੱਲੀ ਹੋ ਗਈ ਤੇ ਅੰਤਰਜਾਮੀ ਨੇ ਕੰਮ ਕਰਨਾ ਆਰੰਭ ਕਰ ਦਿੱਤਾ। ਇਨੇ ਨੂੰ ਭਗਤ ਜੀ ਵੀ ਆਏ, ਦਰਸ਼ਨ ਕੀਤੇ, ਅੰਦਰ ਥੋੜੀ ਖਿੱਚ ਤਾਂ ਪਈ ਪਰ ਪਹਿਚਾਨ ਨਾ ਕਰ ਸਕੇ। ਸਮਾਂ ਬੀਤਦਾ ਗਿਆ। ਅੰਤਰਜਾਮੀ ਸਾਰੇ ਕੰਮ ਇੱਕ ਸਕਿੰਟ ਵਿੱਚ ਕਰ ਦਿੰਦੇ ਤੇ

ਕਦੀ ਕੋਈ ਸ਼ਿਕਾਇਤ ਦਾ ਅਵਸਰ ਨਾ ਦਿੰਦੇ। ਜੋ ਬਚਿਆ ਖੁਚਿਆ ਮਿਲਦਾ ਖਾ ਲੈਂਦੇ ਤੇ ਸਦਾ ਸ਼ੁਕਰ ਕਰਦੇ ਰਹਿੰਦੇ।

ਇੱਕ ਦਿਨ ਮਾਤਾ ਨੇ ਸੋਚਿਆ ਕਿ ਚਲੋ ਅੱਜ ਅੰਤਰਜਾਮੀ ਨੂੰ ਆਪ ਪ੍ਰਸ਼ਾਦਾ ਬਣਾ ਕੇ ਛਕਾਉਂਦੇ ਹਾਂ ਤੇ ਪਾਸ ਬਠਾ ਕੇ ਪੁਛਿਆ ਕਿਨੀਆਂ ਰੋਟੀਆਂ ਖਾਵੋਗੇ। ਉਹ ਅੱਗੋ ਬੋਲੇ "ਮਾਤਾ ! ਇਹ ਨਾ ਪੁਛੋ, ਇਹ ਤਾਂ ਤੁਹਾਡੇ ਪ੍ਰੇਮ ਉਪਰ ਹੈ।" ਖੈਰ ਮਾਤਾ ਪ੍ਰਸ਼ਾਦੇ ਤਿਆਰ ਕਰਨ ਲੱਗ ਗਈ ਤੇ ਉਹ ਛਕੀ ਗਏ। ਪਹਿਲਾਂ ਇੱਕ ਸੇਰ, ਦੋ ਸੇਰ ਤੇ ਫਿਰ ਪੰਜ ਸੇਰ ਆਟਾ ਤਿਆਰ ਕੀਤਾ। ਸਵੇਰ ਤੋਂ ਦੁਪਹਿਰ ਹੋ ਗਈ, ਮਾਤਾ ਪਕਾਈ ਜਾਵੇ ਤੇ ਉਹ ਖਾਈ ਜਾਣ। ਆਖਰ ਮਾਤਾ ਥੱਕ ਗਈ। ਇਨੇ ਨੂੰ ਪੜੋਸਨ ਨੇ ਅਵਾਜ਼ ਮਾਰੀ ਕਿ ਕੀ ਗੱਲ ਹੈ ਅੱਜ ਤੁਸੀਂ ਬਾਹਰ ਨਹੀਂ ਆਏ। ਮਾਤਾ ਅੱਗੇ ਹੀ ਭਰੀ ਪਈ ਸੀ ਬੋਲ ਉਠੀ "ਭੈਣ ਜੀ ਕੀ ਗੱਲ ਕਰਾਂ ! ਇਹ ਨੌਕਰ ਦੱਸ ਸੇਰ ਆਟੇ ਦੀਆਂ ਰੋਟੀਆਂ ਖਾ ਗਿਆ ਤੇ ਅਜੇ ਵੀ ਨਹੀਂ ਰੱਜਿਆ। ਪਤਾ ਨਹੀਂ ਕੀ ਭੂਤ ਜਾਂ ਬਲਾ ਹੈ?"

ਏਨੀ ਗੱਲ ਸੁਣਦੇ ਸਾਰ ਪ੍ਰਮਾਤਮਾ ਨਿਰਗੁਣ ਸਰੂਪ ਧਾਰ ਕੇ ਚੱਲੇ ਗਏ। ਮਾਤਾ ਬਾਜਾਂ ਮਾਰਦੀ ਰਹੀ ਪਰ ਕੋਈ ਉੱਤਰ ਨਾ ਆਇਆ। ਇੱਕ ਦਮ ਖਿਆਲ ਆਇਆ ਕਿ ਮੈਂ ਤਾਂ ਉਸ ਦੀ ਨਿੰਦਾ ਕਰ ਦਿੱਤੀ। ਏਨੇ ਨੂੰ ਭਗਤ ਜੀ ਆ ਗਏ ਤੇ ਸਮਝਾਣ ਲੱਗੇ ਅਸੀਂ ਪਿਛਲੇ ਜਨਮਾਂ ਵਿੱਚ ਜੋ ਵੀ ਚੰਗੇ ਜਾਂ ਮਾੜੇ ਕਰਮ ਕੀਤੇ ਹਨ ਉਨ੍ਹਾਂ ਦਾ ਫੱਲ ਹਰ ਹਾਲਤ ਵਿੱਚ ਭੁਗਤਣਾ ਪੈਂਦਾ ਹੈ। ਇਹ ਠੀਕ ਹੈ ਇਹ ਸਾਡੀ ਮਰਜ਼ੀ ਹੈ ਕਿ ਅਸੀਂ ਕਿਸੇ ਨਾਲ ਭਲਾਈ ਜਾਂ ਬੁਰਾਈ ਕਰੀਏ ਪਰ ਜੇ ਕਿਸੇ ਨਾਲ ਇੱਕ ਵਾਰੀ ਭੈੜਾ ਕਰਮ ਕਰ ਬੈਠੇ ਤਾਂ ਉਸ ਦਾ ਨਤੀਜਾ ਟਾਲਿਆ ਨਹੀਂ ਜਾ ਸਕਦਾ। ਇਸ ਲਈ ਪ੍ਰਭੂ ਨੂੰ ਦੋਸ਼ ਦੇਣਾ ਠੀਕ ਨਹੀਂ। ਬਾਬਾ ਫਰੀਦ ਜੀ ਇਸ ਵਾਰੇ ਸਪਸ਼ਟ ਕਰਦੇ ਹਨ:-

ਫਰੀਦਾ ਲੋੜੈ ਦਾਖ ਬਿਜਉਰੀਆਂ ਕਿਕਰਿ ਬੀਜੈ ਜਟੁ ॥
ਹੰਢੈ ਉਂਨ ਕਤਾਇਦਾ ਪੈਧਾ ਲੋੜੈ ਪਟੁ ॥੨੩॥

(ਅੰਗ ੧੩੭੯)

ਕਈ ਸੱਜਣ ਤਰਕ ਕਰਦੇ ਹਨ ਕਿ ਜੇ ਕਰਮਾਂ ਦੇ ਲੇਖ ਮਿਟਾਏ ਨਹੀਂ ਜਾ ਸਕਦੇ ਤਾਂ ਸਾਡਾ ਪ੍ਰਮਾਤਮਾ ਦੀ ਭਗਤੀ ਤੇ ਸਿਮਰਨ ਕਰਨ ਦਾ ਕੋਈ ਲਾਭ ਨਾ ਹੋਇਆ? ਜਿਵੇਂ

ਲੇਖੁ ਨ ਮਿਟਈ ਹੇ ਸਖੀ ਜੋ ਲਿਖਿਆ ਕਰਤਾਰਿ ॥

(ਅੰਗ ੯੩੭)

ਇਹ ਠੀਕ ਹੈ ਕਿ ਲੇਖ ਨਹੀਂ ਬਦਲੇ ਜਾ ਸਕਦੇ ਪਰ ਸਾਡੇ ਐਸੇ ਹਾਲਾਤ ਬਣਾਏ ਜਾਂਦੇ ਹਨ ਕਿ ਉਹ ਦੁੱਖ ਜਾਂ ਮੁਸੀਬਤਾਂ ਸਾਨੂੰ ਮਹਿਸੂਸ ਨਹੀਂ ਹੁੰਦੇ ਜਾਂ ਘੱਟਾ ਕੇ ਛੋਟੇ ਹੋ ਜਾਂਦੇ ਹਨ। ਕਹਿੰਦੇ ਹਨ ਕਿ ਦੋ ਮਿੱਤਰਾਂ ਦਾ ਆਪਸ ਵਿੱਚ ਬਹੁਤ ਪਿਆਰ ਸੀ। ਇੱਕ ਸ਼ਰਾਬੀ ਤੇ ਭੈੜਾ ਬੰਦਾ ਸੀ ਤੇ ਦੂਸਰਾ ਭਗਤੀ ਭਾਵਨਾ ਵਾਲਾ ਸੀ। ਉਹ ਹਰ ਰੋਜ਼ ਸਵੇਰੇ ਇਕੱਠੇ ਬਾਹਰ ਜਾਂਦੇ ਹਨ ਤੇ ਇੱਕ ਦੋਰਾਹੇ ਤੇ ਆ ਕੇ ਭੈੜਾ ਬੰਦਾ ਤਾਂ ਸ਼ਰਾਬ ਖਾਨੇ ਵੱਲ ਚੱਲਾ ਜਾਂਦਾ ਸੀ ਤੇ ਦੂਸਰਾ ਚੰਗਾ ਬੰਦਾ ਲਾਗੇ ਇੱਕ ਮਹਾਤਮਾ ਦਾ ਡੇਰਾ ਸੀ ਉੱਥੇ ਜਾ ਕੇ ਸਿਮਰਨ ਤੇ ਸੇਵਾ ਕਰਦਾ ਰਹਿੰਦਾ। ਸ਼ਾਮ ਨੂੰ ਫਿਰ ਦੋਵੇਂ ਉਸ ਦੋਰਾਹੇ ਤੇ ਇਕੱਠੇ ਹੋ ਕੇ ਵਾਪਸ ਆਪਣੇ ਘਰਾਂ ਨੂੰ ਆ ਜਾਂਦੇ। ਇੱਕ ਦਿਨ ਐਸਾ ਹੋਇਆ ਕਿ ਜਦੋਂ ਉਹ ਚੰਗਾ ਬੰਦਾ ਡੇਰੇ ਤੋਂ ਵਾਪਸ ਆ ਰਿਹਾ ਸੀ ਤਾਂ ਰਸਤੇ ਵਿੱਚ ਉਸ ਦੇ ਪੈਰ ਵਿੱਚ ਇੱਕ ਸੂਲ ਚੁੱਬ ਗਈ ਤਾਂ ਬੜੀ ਮੁਸ਼ਕਲ ਨਾਲ ਤੁਰਦਾ ਆ ਰਿਹਾ ਸੀ। ਦੂਸਰੇ ਪਾਸੇ ਜੋ ਭੈੜਾ ਬੰਦਾ ਸੀ ਉਸ ਦੀ ਰਸਤੇ ਵਿੱਚ ਇੱਕ ਪੱਥਰ ਨਾਲ ਠੋਕਰ ਲੱਗੀ ਤੇ ਜਦੋਂ ਉਸ ਨੇ ਪੱਥਰ ਨੂੰ ਇੱਕ ਪਾਸੇ ਕੀਤਾ ਤਾਂ ਥੱਲੇ ਉਸ ਨੂੰ ਇੱਕ ਘੜਾ ਨਜ਼ਰ ਆਇਆ। ਉਸ ਨੂੰ ਬਾਹਰ ਕਢਿਆ ਤੇ ਵੇਖਿਆ ਉਹ ਮੋਹਰਾਂ ਨਾਲ ਭਰਿਆਂ ਹੋਇਆ ਸੀ ਪਰ ਉਹ ਸਾਰੀਆਂ ਸੁਆਹ ਹੋ ਚੁੱਕੀਆਂ ਸਨ ਬੱਸ ਇੱਕ ਮੋਹਰ ਹੀ ਠੀਕ ਸੀ। ਦੋਨੋਂ ਇਕੱਠੇ ਹੋਏ ਤਾਂ ਭੈੜ ਬੰਦੇ ਨੇ ਤਾਨਾਂ ਮਾਰਿਆ ਕਿ ਤੈਨੂੰ ਮਹਾਤਮਾ ਪਾਸ ਜਾਣ ਦਾ ਕੀ ਲਾਭ ਹੋਇਆ? ਇਹ ਵੇਖ ਮੈਨੂੰ ਮੋਹਰ ਮਿਲ ਗਈ। ਉਨ੍ਹਾਂ ਸੋਚਿਆ ਚਲੋ ਮਹਾਤਮਾ ਪਾਸ ਚੱਲ ਕੇ ਪੁੱਛਦੇ ਹਾਂ ਤੇ ਜਦੋਂ ਉੱਥੇ ਗਏ ਤਾਂ ਮਹਾਤਮਾ ਨੇ ਸਮਝਾਇਆ, "ਵੇਖੋ ਇਸ ਚੰਗੇ ਆਦਮੀ ਨੂੰ ਪਿਛਲੇ ਕਰਮਾਂ ਕਰਕੇ ਸੂਲੀ ਤੇ ਚਾੜ ਕੇ ਸਜਾ ਮਿਲਣੀ ਸੀ ਪਰ ਇਸ ਦੇ ਹਰ ਰੋਜ਼ ਸੰਤਸੰਗ ਵਿੱਚ ਆਉਣ ਨਾਲ ਉਹ

ਸੂਲੀ ਤੋਂ ਸੂਲ ਬਣ ਗਈ। ਦੂਸਰੇ ਬੰਦੇ ਨੂੰ ਦਸਿਆ ਕਿ ਤੇਰੇ ਕਰਮਾਂ ਅਨੁਸਾਰ ਤੈਨੂੰ ਇਹ ਘੜਾ ਮੋਹਰਾਂ ਨਾਲ ਭਰਿਆ ਹੋਇਆ ਮਿਲਨਾ ਸੀ ਪਰ ਤੇਰੇ ਹਰ ਰੋਜ਼ ਭੈੜੇ ਪਾਸੇ ਜਾਣ ਨਾਲ ਇਕ ਇਕ ਮੋਹਰ ਸੁਆਹ ਹੁੰਦੀ ਗਈ ਤੇ ਬੱਸ ਇਕੋ ਹੀ ਬਚੀ।"

ਇਨ੍ਹਾਂ ਲੇਖਾਂ ਦੇ ਅੱਗੇ ਬੜੇ ਬੜੇ ਰਾਜੇ ਮਹਾਰਾਜਿਆਂ ਦੀ ਵੀ ਕੋਈ ਪੇਸ਼ ਨਾ ਚੱਲ ਸਕੀ ਤੇ ਨਾਹੀ ਕੋਈ ਸਿਆਣਪਾਂ ਕੰਮ ਆਈਆਂ-

ਸਿਆਨਪ ਕਾਹੂ ਕਾਮਿ ਨ ਆਤ॥
ਜੋ ਅਨਰੂਪਿਓ ਠਾਕੁਰਿ ਮੇਰੈ ਹੋਇ ਰਹੀ ਉਹ ਬਾਤ॥

(ਅੰਗ ੪੯੬)

ਕਹਿੰਦੇ ਹਨ ਕਿ ਰਾਜਾ ਜਨਮੇਜਾ ਬਹੁਤ ਸੂਰਬੀਰ ਤੇ ਬਹਾਦਰ ਸੀ ਤੇ ਉਸ ਦੇ ਟਾਕਰੇ ਵਿੱਚ ਸਾਰੇ ਭਾਰਤ ਵਿੱਚ ਕੋਈ ਰਾਜਾ ਨਹੀਂ ਸੀ। ਆਪਣੇ ਬਜ਼ੁਰਗਾਂ ਦੇ ਕਾਰਨਾਮੇ ਬਾਰੇ ਸੁਣ ਕੇ ਮਨ ਵਿੱਚ ਸੰਕਾ ਉਤਪੰਨ ਹੋਇਆ ਕਿ ੧੬ ਕਲਾਂ ਸੰਪੂਰਨ ਸ੍ਰੀ ਕ੍ਰਿਸ਼ਨ ਜੀ, ਰਾਜਾ ਧ੍ਰਿਸਤਰਾਸ਼ਟਰ, ਤ੍ਰਿਕਾਲਦਰਸੀ ਵੇਦ ਵਿਆਸ, ਬ੍ਰਹਮਚਾਰੀ ਭੀਸਮ ਪਿਤਾਮਾ ਤੇ ਨੀਤੀਵਾਨ ਤੇ ਸਿਆਣੇ ਵਜੀਰ ਬਿਦਰ ਦੇ ਹੁੰਦੇ ਹੋਏ ਮਹਾਂਭਾਰਤ ਦਾ ਭਿਆਨਕ ਯੁੱਧ ਕਿਉਂ ਹੋਇਆ? ਇਹ ਯੁੱਧ ੧੮ ਦਿਨ ਚੱਲਿਆ ਤੇ ੪੫ ਲੱਖ ਸੂਰਮੇ ਸ਼ਹੀਦ ਹੋਏ।

ਇੱਕ ਦਿਨ ਵਿਆਸ ਜੀ ਜਨਮੇਜੇ ਪਾਸ ਆਏ, ਉਨ੍ਹਾਂ ਦਾ ਉੱਠ ਕੇ ਸਤਿਕਾਰ ਕੀਤਾ ਤੇ ਨਾਲ ਹੀ ਬੇਨਤੀ ਕੀਤੀ ਕਿ ਤੁਸੀਂ ਮਹਾਂਭਾਰਤ ਦਾ ਯੁੱਧ ਵੇਖਿਆ ਜਿਸ ਵਿੱਚ ਏਨੀ ਤਬਾਹੀ ਹੋਈ। ਦਰਬਾਰ ਵਿੱਚ ਜੂਆ ਕਿਉਂ ਖੇਡਣ, ਦੀ ਇਜਾਜ਼ਤ ਦਿੱਤੀ ਗਈ? ਪਾਂਡਵ ਹਾਰ ਕੇ ਗੁਲਾਮ ਬਣ ਗਏ ਤੇ ਦ੍ਰੋਪਤੀ ਨੂੰ ਵੀ ਹਾਰ ਗਏ। ਜੇ ਮੈਂ ਉੱਥੇ ਹੁੰਦਾ ਤਾਂ ਇਹ ਨਾ ਹੋਣ ਦਿੰਦਾ।

ਵਿਆਸ ਜੀ ਨੇ ਸਮਝਾਇਆ "ਰਾਜਾ ਜਨਮੇਜਾ ! ਇਹ ਯੁੱਧ ਏਵੇ ਹੀ ਹੋਣਾ ਸੀ ਤੇ ਸਾਰਾ ਸਰਵਨਾਸ਼ ਹੋਣ ਦਾ ਕਾਰਨ ਬਣਨਾ ਸੀ। ਜੋ ਕੁਝ ਹੋ ਰਿਹਾ ਹੈ ਉਹ ਸਭ ਪ੍ਰਭੂ ਦੇ ਅਟੱਲ ਹੁਕਮ ਅਨੁਸਾਰ ਹੋ ਰਿਹਾ ਹੈ।" ਰਾਜਾ ਅੱਗੋ ਜ਼ਰਾ ਆਕੜ ਕੇ ਬੋਲਿਆ, "ਮੈਂ ਇਨ੍ਹਾਂ ਗੱਲਾਂ ਵਿੱਚ ਵਿਸ਼ਵਾਸ਼ ਨਹੀਂ ਰੱਖਦਾ। ਜੇ ਸਾਨੂੰ ਪਤਾ ਹੋਵੇ ਕਿ ਸਾਡੇ ਨਾਲ ਇਹ ਭਾਣਾ ਵਰਤਨ ਵਾਲਾ ਹੈ ਤਾਂ ਅਸੀਂ ਆਪਣੀਆਂ ਸਿਆਣਪਾਂ ਨਾਲ ਰੋਕ ਸਕਦੇ ਹਾਂ।"

ਵਿਆਸ ਜੀ ਨੇ ਰਾਜੇ ਦੇ ਭਵਿੱਖ ਵਾਰੇ ਵੇਖਿਆ ਤੇ ਬੋਲੇ "ਤੇਰੇ ਨਾਲ ਇੱਕ ਗੁਹਜ ਘਟਣਾ ਵਰਤਣੇ ਵਾਲੀ ਹੈ। ਜੋ ਤੇਰੀ ਮੌਤ ਦਾ ਕਾਰਨ ਬਣੇਗੀ। ਤੂੰ ਇੱਕ ਘੋੜੀ ਖਰੀਦੇਂਗਾ ਤੇ ਇੱਕ ਦਿਨ ਸ਼ਿਕਾਰ ਖੇਡਣ ਜਾਵੇਂਗਾ। ਰਸਤੇ ਵਿੱਚ ਥੱਕ ਜਾਵੇਂਗਾ ਤੇ ਇੱਕ ਬ੍ਰਿੱਛ ਥੱਲੇ ਆਰਾਮ ਕਰਨ ਲੱਗੇਂਗਾ। ਪਾਸ ਤਲਾਬ ਵਿਚੋਂ ਇਕ ਦਰਿਆਈ ਘੋੜਾ ਬਾਹਰ ਆ ਕੇ ਤੇਰੀ ਘੋੜੀ ਨਾਲ ਸੰਬੰਧ ਬਣਾਏਗਾ ਤੇ ਉਹ ਗਰਭਵਤੀ ਹੋ ਜਾਵੇਗੀ। ਉਹ ਇੱਕ ਸੁੰਦਰ ਘੋੜੇ ਨੂੰ ਜਨਮ ਦੇਵੇਗੀ। ਇਸ ਘੋੜੇ ਨੂੰ ਸਾਰੇ ਦੇਸ਼ ਦੇ ਰਾਜਾਂ ਵਿੱਚ ਘੁੰਮਾ ਕੇ ਸਾਰਿਆਂ ਤੇ ਜਿੱਤ ਪ੍ਰਾਪਤ ਕਰੇਂਗਾ। ਇਸ ਖੁਸ਼ੀ ਵਿੱਚ ਇੱਕ ਬਹੁਤ ਵੱਡਾ ਜਗ ਅਯੋਜਤ ਕਰੇਂਗਾ। ਇਸ ਵਿੱਚ ੧੮ ਜਾਤੀਆਂ ਦੇ ਬ੍ਰਾਹਮਣ ਹਿੱਸਾ ਲੈਣ ਆਉਣਗੇ। ਤੇਰੀ ਰਾਣੀ ਦਕਛਣਾ ਦੇਣ ਲਈ ਆਵੇਗੀ। ਹਵਾ ਨਾਲ ਉਸ ਦੇ ਸਿਰ ਤੋਂ ਚੁੰਨੀ ਲੱਥ ਜਾਵੇਗੀ ਤੇ ਸਾਰੇ ਹੱਸ ਪੈਣਗੇ। ਤੈਨੂੰ ਬਹੁਤ ਕ੍ਰੋਧ ਆਵੇਗਾ ਤੇ ਤੂੰ ਬ੍ਰਾਹਮਣਾਂ ਦੀ ਹੱਤਿਆਂ ਕਰ ਦੇਵੇਂਗਾ ਜਿਸ ਕਾਰਨ ਤੈਨੂੰ ਕੋੜ੍ਹ ਹੋ ਜਾਵੇਗਾ।"

ਰਾਜਾ ਅੱਗੋਂ ਹੱਸ ਕੇ ਬੋਲਿਆ, "ਵਿਆਸ ਜੀ ! ਤੁਸੀਂ ਚਿੰਤਾ ਨਾ ਕਰੋ, ਮੈਂ ਇਹ ਸਾਰੇ ਕੰਮ ਨਹੀਂ ਕਰਾਂਗਾ।" ਕਾਫੀ ਸਮਾਂ ਬੀਤ ਗਿਆ। ਇਕ ਦਿਨ ਵਜ਼ੀਰ ਨੇ ਰਾਜੇ ਨੂੰ ਅਤਲਾਹ ਦਿੱਤੀ ਕਿ "ਕੋਈ ਵਪਾਰੀ ਘੋੜੇ ਤੇ ਘੋੜੀਆਂ ਲੈ ਕੇ ਆਇਆ ਹੈ। ਚਲੋ ਘੋੜੀ ਨਾ ਖਰੀਦੋ, ਘੋੜੇ ਤਾਂ ਖਰੀਦ ਸਕਦੇ ਹਾਂ। ਘੋੜੇ ਖਰੀਦ ਲਏ। ਵਜੀਰ ਨੇ ਫਿਰ ਦੱਸਿਆ ਕਿ ਉਨ੍ਹਾਂ ਪਾਸ ਇੱਕ ਖੁਰਾਸਾਨੀ ਘੋੜੀ ਵੀ ਹੈ। ਉਹ ਵੀ ਖਰੀਦ ਲਈਏ ਕਿਉਂਕਿ ਜੇ ਅਸੀਂ ਨਾ ਲਈ ਤਾਂ ਕਿਸੇ ਹੋਰ ਪਾਸ ਚਲੀ ਜਾਵੇਗੀ। ਬੱਸ ਤੁਸੀਂ ਇਨਾ ਖਿਆਲ ਰੱਖਣਾ ਕਿ ਆਪ ਉਸ ਉਪਰ ਨਾ ਚੜ੍ਹਨਾ। ਗੱਲ ਕੀ, ਕਿ ਜਿਵੇਂ ਵਿਆਸ ਜੀ ਨੇ ਦਸਿਆ ਸੀ ਸਭ ਕੁੱਝ ਉਸੇ ਤਰ੍ਹਾਂ ਹੁੰਦਾ ਗਿਆ ਤੇ

ਆਖਰ ਰਾਜੇ ਨੂੰ ਕੋੜ੍ਹ ਹੋ ਗਿਆ। ਵਿਆਸ ਪਾਸ ਆ ਕੇ ਰਾਜਾ ਧਾਹਾ ਮਾਰ ਕੇ ਰੋ ਪਿਆ ਤੇ ਬੇਨਤੀ ਕੀਤੀ ਕਿ ਮਹਾਰਾਜਾ ਬਹੁਤ ਬੜੀ ਗਲਤੀ ਹੋ ਗਈ ਕੋਈ ਉਪਾਓ ਕਰੋ।

ਵਿਆਸ ਨੇ ਸਮਝਾਇਆ "ਹੇ ਰਾਜਨ ਮੱਥੇ ਦੇ ਲੇਖ ਅਵੱਸ਼ ਭੋਗਣੇ ਪੈਂਦੇ ਹਨ। ਪਰ ਇਹ ਵੀ ਸੱਚ ਹੈ ਕਿ ਪ੍ਰਮਾਤਮਾ ਦਾ ਨਾਮ ਸਰਬ ਕਲਾ ਸਮਰਥ ਹੈ ਤੇ ਜੇ ਸੱਚੀ ਲਗਨ ਤੇ ਭਰੋਸੇ ਨਾਲ ਜਪਿਆ ਜਾਵੇ ਤਾਂ ਸਾਰੇ ਰੋਗਾਂ, ਮੁਸੀਬਤਾਂ ਦਾ ਇਲਾਜ ਹੈ। ਚਲੋ ਫਿਰ ਵੀ ਯਤਨ ਕਰਕੇ ਵੇਖਦੇ ਹਾਂ। ਆਪ ਨੂੰ ਹਰ ਰੋਜ਼ ਮਹਾਂਭਾਰਤ ਦੀ ਕਥਾ ਸੁਣਾਉਂਦੇ ਹਾਂ ਪਰ ਤਿੰਨ ਸ਼ਰਤਾਂ ਹਨ। ਪਹਿਲੀ ਸਵੇਰੇ ਅੰਮ੍ਰਿਤ ਵੇਲੇ ਆਉਂਣਾ। ਦੂਸਰੀ ਕੋਈ ਨਾਗਾ ਨਹੀਂ ਪਾਉਂਣਾ ਤੇ ਤੀਸਰੀ ਕਿਸੇ ਪ੍ਰਕਾਰ ਦਾ ਕੋਈ ਕਿੰਤੂ ਨਹੀਂ ਕਰਨਾ। ਬੱਸ ਸਭ ਸੱਤ ਸੱਤ ਕਰਕੇ ਮੰਨਦੇ ਜਾਣਾ। ਕਥਾ ਆਰੰਭ ਹੋ ਗਈ। ਰਾਜਾ ਹਰ ਰੋਜ਼ ਆ ਕੇ ਪਿਆਰ ਨਾਲ ਸੁਣਦਾ। ਜਦੋਂ ਮਹਾਂਭਾਰਤ ਦੇ ਯੁੱਧ ਦੀ ਗੱਲ ਚਲੀ ਤਾਂ ਵਿਆਸ ਜੀ ਨੇ ਦਸਿਆ ਕਿ ਬਹੁਤ ਘਮਸਾਨ ਦਾ ਯੁੱਧ ਹੋ ਰਿਹਾ ਸੀ। ਦੋਨਾਂ ਪਾਸਿਆਂ ਦੇ ਯੋਧੇ ਤੱਲੀ ਤੇ ਸੀਸ ਰੱਖ ਕੇ ਲੜ ਰਹੇ ਸਨ। ਇਸ ਵੇਲੇ ਭੀਮ ਸੈਨ ਨੂੰ ਬਹੁਤ ਜੋਸ਼ ਆਇਆ ਤਾਂ ਉਨ੍ਹਾਂ ਨੇ ਹਾਥੀ ਚੁੱਕ ਚੁੱਕ ਕੇ ਅਸਮਾਨ ਵੱਲ ਸੁੱਟੇ। ਇਹ ਸੁਣਦੇ ਸਾਰ ਰਾਜਾ ਵਿਚੋਂ ਟੋਕ ਕੇ ਬੋਲ ਪਿਆ "ਮਹਾਰਾਜਾ ! ਮੈਨੂੰ ਏਨਾ ਵੀ ਬੇਵਕੂਫ ਨਾ ਸਮਝੋ। ਮੇਰਾ ਰੋਗ ਹੱਟੇ ਜਾਂ ਨਾ ਹੱਟੇ, ਕੋਈ ਪ੍ਰਵਾਹ ਨਹੀਂ ਪਰ ਮੈਂ ਇਹ ਗੱਲ ਹਰਗਿਜ਼ ਮੰਨਣ ਲਈ ਤਿਆਰ ਨਹੀਂ।" ਵਿਆਸ ਜੀ ਸਿਰ ਤੇ ਹੱਥ ਮਾਰ ਕੇ ਬੋਲੇ "ਗਲਤੀ ਤਾਂ ਮੇਰੀ ਹੀ ਹੈ ਕਿ ਤੇਰੇ ਕਰਮ ਬਦਲਨ ਲੱਗ ਗਿਆ ਸੀ।" ਇਸ ਬਾਰੇ ਭਾਈ ਗੁਰਦਾਸ ਜੀ ਹਾਮੀ ਭਰਦੇ ਹਨ:-

ਜਨਮੇਜੈ ਗੁਰ ਸਬਦੁ ਨ ਜਾਨਿਆ॥
ਕਿਉ ਸੁਖੁ ਪਾਵੈ ਭਰਮਿ ਭੁਲਾਨਿਆ॥
ਇਕੁ ਤਿਲੁ ਭੂਲੇ ਬਹੁਰਿ ਪਛੁਤਾਨਿਆ॥੧੦॥

(ਅੰਗ ੨੨੫)

98140-07847

****

ਸਫ਼ਾ 14 ਦਾ ਬਾਕੀ

ਪੁਆਧੀ ਸਾਹਿਤ ਦਾ ਹਿੱਸਾ ਬਣਨਾ ਹੈ। ਪੁਆਧੀ ਲੋਕ ਵੱਡੇ ਹਿੱਤ ਲਈ ਆਪਣੇ ਉਜਾੜੇ ਨੂੰ ਜਰ ਲੈਂਦੇ ਜੇਕਰ ਪੰਜਾਬ ਦਾ ਬਟਵਾਰਾ ਨਾ ਹੁੰਦਾ ਤੇ ਚੰਡੀਗੜ੍ਹ ਇਸ ਦੀ ਰਾਜਧਾਨੀ ਹੁੰਦੀ। ਪਰ ਇਸ ਦੇ ਉਲਟ ਅੱਜ ਚੰਡੀਗੜ੍ਹ ਤਿੰਨੇ ਸੂਬਿਆਂ ਅੰਦਰ ਲੋਕ ਵਿਰੋਧੀ ਰਾਜਨੀਤੀ ਲਈ ਇਕ ਸਰੋਤ ਸਮੱਗਰੀ ਦਾ ਰੂਪ ਧਾਰੀ ਬੈਠਾ ਹੈ। ਇਸ ਸ਼ਹਿਰ ਦੇ ਨਾਂ ਉੱਤੇ ਹੁੰਦੀ ਰਾਜਨੀਤੀ ਨੇ ਪੁਆਧ ਦੇ ਉਜੜੇ ਪਿੰਡਾਂ ਨੂੰ ਆਪਣੀ ਸਿਮਰਤੀ ਅੰਦਰੋਂ ਛੇਕ ਹੀ ਦਿੱਤਾ ਹੈ ਤੇ ਸ਼ਹਿਰ ਪੁਆਧ ਦੇ ਮੱਥੇ ਉੱਤੇ ਟਿੱਕੇ ਦੀ ਥਾਂ ਰਿਸਦਾ ਜਖਮ ਬਣ ਲਿਸ਼ਕਦਾ ਰਹਿੰਦਾ ਹੈ। ਦਾਊਂ ਨੇ ਇਸ ਪੁਸਤਕ ਵਿੱਚ ਇਨ੍ਹਾਂ ਪਿੰਡਾਂ ਨੂੰ ਸੰਭਾਲ ਕੇ ਇਕ ਦਸਤਾਵੇਜ਼ੀ ਕਾਰਜ ਕੀਤਾ ਹੈ।

'ਪੁਆਧ ਦਰਪਣ' ਨੂੰ ਤਿਆਰ ਕਰਨ ਵਿੱਚ ਮਨਮੋਹਨ ਸਿੰਘ ਦਾਊਂ ਦੀ ਸੰਪਾਦਨਾ ਦ੍ਰਿਸ਼ਟੀ ਦਾ ਵਡਮੁੱਲਾ ਯੋਗਦਾਨ ਹੈ। ਉਨ੍ਹਾਂ ਨੇ ਪ੍ਰਾਪਤ ਖੋਜ ਪੱਤਰਾਂ ਨੂੰ ਚਾਰ ਭਾਗਾਂ ਵਿੱਚ ਹੀ ਨਹੀਂ ਵੰਡਿਆ ਸਗੋਂ ਇਨ੍ਹਾਂ ਚਾਰੇ ਭਾਗਾਂ ਨੂੰ ਭਾਵਨਾਤਮਕ ਤੇ ਲੈਆਤਮਕ ਸਿਰਲੇਖ ਵੀ ਦਿੱਤੇ ਹਨ। ਇਸ ਤਰ੍ਹਾਂ ਸੰਪਾਦਨਾ ਦੀ ਦ੍ਰਿਸ਼ਟੀ ਤੋਂ ਇਹ ਪੁਸਤਕ ਹੋਰ ਵੀ ਭਾਵਨਾਤਮਕ ਤੇ ਸਾਰਥਕ ਬਣ ਗਈ ਹੈ ਜਿਹੜੀ ਤੱਥਗਤ ਸੂਚਕਾਂ ਦੇ ਨਾਲ ਦਿਲ ਨੂੰ ਧੂਹ ਵੀ ਪਾਉਂਦੀ ਹੈ। ਪੁਸਤਕ ਦਾ ਟਾਇਟਲ ਇਕ ਹੋਰ ਪਹਿਲੂ ਹੈ ਜਿਸ ਦਾ ਜ਼ਿਕਰ ਜ਼ਰੂਰੀ ਹੈ। ਚਿੱਤਰਕਾਰ ਉੱਤਮਵੀਰ ਸਿੰਘ ਨੇ ਆਪਣੀ ਇਸ ਕ੍ਰਿਤ ਵਿੱਚ ਪੰਜਾਬੀ ਲੋਕ ਜੀਵਨ ਨੂੰ ਦਰਸਾਉਂਦਿਆਂ ਜਿੱਥੇ ਹਲ ਤੇ ਚਰਖਾ ਜੀਵਨ ਦੇ ਦੋ ਧੁਰੇ ਬਣਾ ਕੇ ਚਿਤਰੇ ਹਨ ਉਥੇ ਗੱਡਾ, ਕੁੱਪ, ਪੰਛੀ, ਬਿਰਖ, ਫੁਲਕਾਰੀ ਲੋਕ ਜੀਵਨ ਦਾ ਪ੍ਰਤੱਖ ਦ੍ਰਿਸ਼ ਪੇਸ਼ ਕਰਦੇ ਹਨ ਤੇ ਮਾਨਵ ਤੇ ਪ੍ਰਕਿਰਤੀ ਦੀ ਅਟੁੱਟਤਾ ਦੇ ਚਿੱਤਰਣ ਦੀ ਸਹੀ ਤਸਵੀਰ ਪੇਸ਼ ਕਰਦੇ ਹਨ। 'ਪੁਆਧ ਦਰਪਣ' ਸੰਪਾਦਨਾ ਸਾਹਿਤ 'ਚ ਮੀਲ ਪੱਥਰ ਕਹੀ ਜਾ ਸਕਦੀ ਹੈ।

****



ਸਾਹਿਬ-ਏ-ਕਮਾਲ ਗੁਰੂ ਗੋਬਿੰਦ ਸਿੰਘ ਜੀ

ਗੁਰਮੇਲ ਸਿੰਘ ਖਾਲਸਾ

ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ ਹਰ ਸਾਲ ਪੰਜ (05) ਜਨਵਰੀ ਨੂੰ ਮਨਾਇਆ ਜਾਂਦਾ ਹੈ । ਪ੍ਰਚਲਤ ਸਿੱਖ ਇਤਿਹਾਸ ਅਨੁਸਾਰ ਪੋਹ ਸੁਦੀ ਸੱਤਵੀਂ (23 ਪੋਹ ਸੰਮਤ 1723) ਦਾ ਲਿਖਿਆ ਹੈ । ਪੋਹ ਸੁਦੀ ਸੱਤਵੀਂ ਜਾਂ 23 ਪੋਹ, ਈਸਵੀ ਕਲੰਡਰ ਅਨੁਸਾਰ ਕਦੇ ਤਾਂ ਸਾਲ ਵਿੱਚ ਦੋ ਵਾਰ ਆ ਜਾਂਦਾ ਹੈ ਅਤੇ ਅਗਲੇ ਸਾਲ ਪ੍ਰਕਾਸ਼ ਦਿਹਾੜਾ ਨਹੀਂ ਆਉਂਦਾ। ਦਿਸੰਬਰ ਦਾ ਦੂਜਾ ਪੰਦਰਵਾੜਾ ਸਾਹਿਬਜ਼ਾਦਿਆਂ, ਮਾਤਾ ਗੁਜਰੀ ਜੀ ਦੀ ਸ਼ਹੀਦੀ ਤੇ ਹੋਰ ਮਹਾਨ ਸ਼ਹੀਦਾਂ ਦੇ ਦਿਹਾੜੇ ਹੁੰਦੇ ਹਨ । ਇਹਨਾਂ ਦਿਨਾਂ ਵਿੱਚ ਹੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ ਆ ਜਾਂਦਾ ਹੈ। ਸਿੱਖ ਕੌਮ ਦੁਬਿਧਾ ਵਿੱਚ ਪੈ ਜਾਂਦੀ ਹੈ । ਇਸ ਦੁਬਿਧਾ ਨੂੰ ਦੂਰ ਕਰਨ ਲਈ ਸੁਹਿਰਦ ਵਿਦਵਾਨਾਂ ਨੇ ਇੱਕ ਕੈਲੰਡਰ ਬਣਾਇਆ ਸੀ ਜਿਸਦਾ ਨਾਮ ਨਾਨਕ ਸ਼ਾਹੀ ਕੈਲੰਡਰ ਰੱਖਿਆ ਗਿਆ । ਸ੍ਰੀ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ ਨੇ ਪ੍ਰਵਾਨਗੀ ਭੀ ਦੇ ਦਿੱਤੀ ਸੀ। ਪੂਰੇ ਸਿੱਖ ਜਗਤ ਨੇ ਭੀ ਮੰਨ ਲਿਆ ਸੀ । ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ ਹਰ ਸਾਲ 05 ਜਨਵਰੀ ਦਾ ਪੱਕਾ ਹੋ ਗਿਆ ਸੀ । ਕਈ ਸਾਲ ਚਲਿਆ ਭੀ । ਸ਼ਾਤਰ ਮੰਨੂਵਾਦੀਆਂ ਨੇ ਸਿੱਖ ਕੌਮ ਵਿੱਚ ਦੁਬਿਧਾ ਜਾਰੀ ਰੱਖਣ ਲਈ ਆਪਣਾ ਇੱਕ ਨਕਲੀ ਨਾਨਕ ਸ਼ਾਹੀ ਕੈਲੰਡਰ ਜਾਰੀ ਕਰਵਾ ਦਿੱਤਾ । ਇਉਂ ਸਿੱਖ ਕੌਮ ਫਿਰ ਦੁਬਿਧਾ ਵਿੱਚ ਪੈ ਗਈ । ਸਿੱਖ ਕੌਮ ਚਾਹੁੰਦੀ ਹੈ ਕਿ ਹਰ ਸਾਲ ਦਿਸੰਬਰ ਦਾ ਆਖਰੀ ਪੰਦਰਵਾੜਾ ਸਾਹਿਬਜ਼ਾਦਿਆ, ਮਾਤਾ ਗੁਜਰੀ ਜੀ ਤੇ ਹੋਰ ਮਹਾਨ ਸ਼ਹੀਦਾਂ ਦੀ ਸ਼ਹੀਦੀ ਨੂੰ ਸਮਰਪਿਤ ਹੋਵੇ । ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ 05 ਜਨਵਰੀ ਤੋਂ ਨਵੇਂ ਸਾਲ ਦੇ ਤੌਰ ਤੇ ਧੂਮ ਧਾਮ ਨਾਲ ਮਨਾਇਆ ਜਾਵੇ । ਭਾਰਤ ਵਾਸੀਆਂ ਨੂੰ ਭੀ ਹਜਾਰਾਂ ਸਾਲਾਂ ਦੀ ਗੁਲਾਮੀ ਤੋਂ ਬਾਅਦ ਇਹਨਾਂ ਦਿਨਾਂ ਦਿਸੰਬਰ ਦੇ ਦੂਜੇ ਪੰਦਰਵਾੜੇ ਸਦਕਾ ਹੀ ਅਜਾਦੀ ਮਿਲੀ ਹੈ । ਇਸ ਲਈ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ ਹਰ ਸਾਲ 05 ਜਨਵਰੀ ਦਾ ਪੱਕਾ ਕੀਤਾ ਜਾਵੇ ।

ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ 05 ਜਨਵਰੀ ਨੂੰ ਮਾਤਾ ਗੁਜਰੀ ਜੀ ਦੀ ਪਵਿੱਤਰ ਕੁੱਖੋਂ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਘਰ ਪਟਨਾ ਸਾਹਿਬ (ਬਿਹਾਰ) ਵਿੱਚ ਹੋਇਆ ਸੰਨ 1666 ਸਾਰਿਆਂ ਨੇ ਪ੍ਰਵਾਨ ਕਰ ਲਿਆ ਹੈ ਪਰ ਸਿੱਖ ਮਿਸ਼ਨਰੀ ਕਾਲਜ ਦੇ ਉੱਘੇ ਵਿਦਵਾਨ ਸਰਦਾਰ ਮਹਿੰਦਰ ਸਿੰਘ ਜੋਸ਼ ਸਬੂਤਾਂ ਸਮੇਤ 1661 ਲਿਖਦੇ ਹਨ । ਸਿੱਖ ਕੌਮ ਦੇ ਦੋਖੀ ਸ਼ਾਤਰਾਂ ਨੇ ਬੜੇ ਧਿਆਨ ਨਾਲ ਸਾਰਾ ਸਿੱਖ ਇਤਿਹਾਸ ਵਿਗਾੜਿਆ ਹੈ । ਪ੍ਰਚਲਤ ਸਿੱਖ ਇਤਿਹਾਸ ਅਨੁਸਾਰ ਗੁਰੂ ਜੀ ਪਹਿਲੇ ਪੰਜ ਸਾਲ ਪਟਨੇ ਰਹੇ । ਬਚਪਨ ਪਟਨੇ ਹੀ ਗੁਜ਼ਾਰਿਆ । ਮਾਰਚ 1672 ਵਿੱਚ ਸਾਹਿਬਜ਼ਾਦਾ ਗੋਬਿੰਦ ਰਾਇ ਅਤੇ ਮਾਤਾ ਗੁਜਰੀ ਜੀ ਅਨੰਦਪੁਰ ਸਾਹਿਬ ਪਹੁੰਚੇ ਸਨ । ਮੁੱਢਲੀ ਵਿਦਿਆ ਗੁਰੂ ਤੇਗ ਬਹਾਦਰ ਸਾਹਿਬ ਜੀ ਤੇ ਮਾਤਾ ਗੁਜਰੀ ਜੀ ਦੀ ਸਿੱਧੀ ਦੇਖ ਰੇਖ ਹੇਠ ਪ੍ਰਾਪਤ ਕੀਤੀ ਸੀ ਅਤੇ ਤਿੰਨ ਚਾਰ ਸਾਲ ਵਿੱਚ ਸਰਬਪੱਖੀ ਨਿਪੁੰਨ ਹੋ ਗਏ ਸਨ । 11 ਨਵੰਬਰ 1675 ਨੂੰ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਸਾਰਿਆਂ ਦੇ ਧਰਮ ਦੀ ਰੱਖਿਆ ਲਈ ਦਿੱਲੀ ਜਾ ਕੇ ਸ਼ਹੀਦੀ ਦਿੱਤੀ ਸੀ । ਇਤਿਹਾਸ ਵਿੱਚ ਲਿਖਿਆ ਮਿਲਦਾ ਹੈ ' ਧੰਨ ਸ੍ਰੀ ਗੁਰੂ ਤੇਗ ਬਹਾਦਰ ਜਿਨ ਸਗਲ ਸ੍ਰਿਸਟ ਪੇ ਢਾਪੀ ਚਾਦਰ ।। ਹੁਣ ਸਿੱਖ ਕੌਮ ਨੂੰ ਸੇਧ ਦੇਣ ਦੀ ਸਾਰੀ ਜੁਮੇਵਾਰੀ ਮਾਤਾ ਗੁਜਰੀ ਜੀ ਤੇ ਆ ਗਈ । ਮਾਤਾ ਗੁਜਰੀ ਜੀ ਨੇ ਸਾਹਿਬਜ਼ਾਦਾ ਗੋਬਿੰਦ ਰਾਇ ਜੀ ਦੀ ਇੱਕ ਆਦਰਸ਼ਕ ਮਨੁੱਖ ਦੀ ਸਿਰਜਨਾ ਕਰਕੇ ਵਿਸਾਖੀ 1699 ਵਾਲੇ ਦਿਨ ਗੁਰੂ ਗੋਬਿੰਦ ਸਿੰਘ ਜੀ ਦੇ ਰੂਪ ਵਿੱਚ ਸੰਸਾਰ ਮੰਚ ਤੇ ਪਰਗਟ ਕਰ ਦਿੱਤਾ । ਵਿਸਾਖੀ ਵਾਲਾ ਦਿਨ ਇਸ ਲਈ ਚੁਣਿਆ ਗਿਆ ਹੈ ਕਿਉਂਕਿ ਗੁਰੂ ਨਾਨਕ ਸਾਹਿਬ ਜੀ ਦਾ ਪ੍ਰਕਾਸ਼ ਵਿਸਾਖੀ ਵਾਲੇ ਦਿਨ ਦਾ ਹੈ । ਇਸ ਲਈ ਸਿੱਖੀ ਦਾ ਜਨਮ ਵਿਸਾਖੀ ਦਾ ਮੰਨਿਆ ਜਾਂਦਾ ਹੈ । ਅੱਜ ਕਲ ਵਿਸਾਖੀ ਸਿੱਖ ਦਿਵਸ ਕਰਕੇ ਸਾਰੇ ਸੰਸਾਰ ਨੇ ਪ੍ਰਵਾਨਤ ਕਰ ਲਿਆ ਹੈ । ਵਿਸਾਖੀ 1699 ਨੂੰ ਖ਼ਾਲਸਾ ਪੰਥ ਦੀ ਸਿਰਜਨਾ ਹੋਈ । ਖ਼ਾਲਸਾ ਪੰਥ ਦੀ ਭਰਤੀ ਸੁਰੂ ਹੋਈ । ਭਰਤੀ ਦੇ ਮੁੱਢਲੇ ਅਸੂਲ ਇਹ ਹਨ । ਕੇਸ਼ ਸਾਬਤ ਰੱਖਣੇ, ਤੰਬਾਕੂ ਦਾ ਸੇਵਨ ਨਹੀਂ ਕਰਨਾ, ਪਰ ਇਸਤਰੀ ਜਾਂ ਪਰ ਪੁਰਸ਼ ਦਾ ਸੰਗ ਨਹੀ ਕਰਨਾ, ਅੱਲ੍ਹਾ ਦੇ ਨਾਮ ਤੇ ਮਾਰੇ ਗਏ ਜੀਵ ਦਾ ਮਾਸ ਨਹੀ ਖਾਣਾ । ਇਸ ਨੂੰ ਕੁੱਠਾ ਕਿਹਾ ਹੈ । ਕੁੱਠਾ ਦਾ ਅਰਥ ਆਮਤੌਰ ਤੇ ਹਲਾਲ ਕਰਨਾ ਕੀਤਾ ਜਾਂਦਾ ਹੈ । ਬੈਸੇ ਹਲਾਲ ਦਾ ਉਲਟ ਹਰਾਮ ਹੁੰਦਾ ਹੈ । ਗੁਰੂ ਜੀ ਨੇ ਹਲਾਲ ਨੂੰ ਕੁਰਾਨ ਸ਼ਰੀਫ ਪੜਨਾ ਕਿਹਾ ਹੈ ' ਹਕ ਹਲਾਲ ਕੁਰਾਨ ' ਇੱਥੇ ਕੁੱਠਾ ਦਾ ਅਰਥ ਗੁਰਮਤਿ ਅਨੁਸਾਰ ਇਹ ਹੈ ਕਿ ਹਕ ਹਲਾਲ ਦੀ ਕਿਰਤ ਕਰਕੇ ਹੀ ਵਸਤੂ ਖਰੀਦਣੀ ਹੈ ਤੇ ਛੱਕਣੀ ਹੈ । ਇੱਥੇ ਮਾਸ ਦੀ ਗੱਲ ਕਰਨੀ ਮੂਰਖਾਂ ਦਾ ਝਗੜਾ ਹੈ । 'ਮਾਸ ਮਾਸ ਕਰ ਮੂਰਖ ਝਗੜੇ ' ਭਾਰਤੀ

ਸੰਵਿਧਾਨ ਅਨੁਸਾਰ ਸਿੱਖਾਂ ਨੂੰ ਮੌਲਿਕ ਅਧਿਕਾਰ ਤਹਿਤ ਕ੍ਰਿਪਾਨ ਪਹਿਨਣ ਦਾ ਅਧਿਕਾਰ ਹੈ । ਸੰਵਿਧਾਨ ਵਿੱਚ ਸਿੱਖ ਦੀ ਪ੍ਰੀਭਾਸ਼ਾ ਭੀ ਦਿੱਤੀ ਹੈ ਕਿ ਕੇਸ਼ਾਧਾਰੀ ਸਿੱਖ ਹੈ । ਤੰਬਾਕੂ ਦਾ ਸੇਵਨ ਨਹੀਂ ਕਰਨਾ ਦੁਨੀਆਂ ਮੰਨਦੀ ਹੈ ਕਿ ਤੰਬਾਕੂ ਸਿਹਤ ਲਈ ਹਾਨੀਕਾਰਕ ਹੈ । ਪੰਜ ਕਕਾਰੀ ਵਰਦੀ ਕੇਸ਼, ਕੰਘਾ, ਕੜਾ,ਕ੍ਰਿਪਾਨ ਤੇ ਕਛਹਿਰਾ ਅਕਾਲ ਪੁਰਖ ਕੀ ਫੌਜ ਦੀ ਵਰਦੀ ਨਿਰਧਾਰਤ ਕਰਕੇ ਖ਼ਾਲਸਾ ਪੰਥ ਦੀ ਸਿਰਜਨਾ ਕਰਕੇ ਗੁਰੂ ਜੀ ਨੇ ਪੱਕੀ ਅਕਾਲ ਪੁਰਖ ਕੀ ਫੌਜ ਦਾ ਗਠਨ ਕੀਤਾ। ਇਸ ਅਕਾਲ ਪੁਰਖ ਕੀ ਫੌਜ ਦਾ ਨਿਸ਼ਾਨਾ ਮਨੁੱਖੀ ਅਧਿਕਾਰਾਂ ਦੀ ਰੱਖਿਆ ਕਰਨਾ ਮਿੱਥਿਆ ਹੈ ।

ਹਥਿਆਰ ਘੋੜੇ ਆਦਿ ਉਹ ਸਭ ਰੱਖੇ ਜਿਹੜੇ ਸਮੇਂ ਅਨੁਸਾਰ ਪ੍ਰਚਲਤ ਸਨ । ਖ਼ਾਲਸਾ ਫੌਜ ਦੀ ਸਿਰਜਨਾ ਤੋਂ ਪਹਿਲਾਂ ਭੀ ਗੁਰੂ ਗੋਬਿੰਦ ਸਿੰਘ ਜੀ ਨੇ ਭੰਗਾਣੀ, ਪਾਉਂਟਾ, ਨਦੌਣ ਆਦਿ ਦੀਆਂ ਜੰਗਾਂ ਲੜ ਚੁੱਕੇ ਸਨ । ਇਹ ਅਕਾਲ ਪੁਰਖ ਦੀ ਫੌਜ ਦੀ ਸਾਜਨਾ ਗੁਰੂ ਨਾਨਕ ਸਾਹਿਬ ਜੀ ਦੇ ਹੁਕਮ ਅਨੁਸਾਰ ਹੀ ਸਾਜੀ ਗਈ :- ਜਉ ਤਉ ਪ੍ਰੇਮ ਖੇਲਣ ਕਾ ਚਾਉ ਸਿਰੁ ਧਰਿ ਤਲੀ ਗਲੀ ਮੇਰੀ ਆਉ ।। ਇਤੁ ਮਾਰਗਿ ਪੈਰੁ ਧਰੀਜੈ।। ਸਿਰੁ ਦੀਜੈ ਕਾਣਿ ਨ ਕੀਜੈ ।। ਇਥੋਂ ਤੱਕ ਪਹੁੰਚਣ ਲਈ 230 ਸਾਲ ਲੱਗੇ । ਇਹ ਭੀ ਅਕਾਲ ਪੁਰਖ ਦੀ ਫੌਜ ਦਾ ਗਠਨ ਤਾਂ ਕੀਤਾ ਗਿਆ ਜਦ ਸਾਰੇ ਹਿੰਦੂ ਪਹਾੜੀ ਰਾਜੇ ਅਤੇ ਮੁਗਲ ਫੌਜਾਂ ਗੁਰੂ ਜੀ ਦੇ ਖਿਲਾਫ ਇਕੱਠੀਆਂ ਹੋ ਗਈਆਂ ਸਨ । ਆਖਰ ਉਹੀ ਹੋਇਆ ਜਿਸ ਦਾ ਮੁਕਾਬਲਾ ਕਰਨ ਲਈ ਤਿਆਰੀ ਕੀਤੀ ਗਈ ਸੀ । ਔਰੰਗਜ਼ੇਬ ਨੇ ਸਰਹੰਦ ਦੇ ਨਵਾਬ ਨੂੰ ਅਨੰਦਪੁਰ ਤੇ ਹਮਲਾ ਕਰਨ ਦੀ ਮਨਜ਼ੂਰੀ ਦੇ ਦਿੱਤੀ ਸੀ । ਉਹਨਾਂ ਹਿੰਦੂ ਪਹਾੜੀ ਰਾਜਿਆਂ ਨਾਲ਼ ਮਿਲ ਕੇ ਕਈ ਵੇਰ ਹਮਲੇ ਕੀਤੇ ਸਨ। 1704 ਤੋਂ ਦਿਸੰਬਰ 1705 ਤੱਕ ਪਹਾੜੀ ਹਿੰਦੂਆਂ ਤੇ ਮੁਗਲਾਂ ਨੇ ਇਕੱਠੇ ਹੋ ਕੇ ਹਮਲੇ ਕੀਤੇ । ਗੁਰੂ ਜੀ ਨੇ ਭੀ ਸਿੰਘਾਂ ਨੂੰ ਪੰਜ ਪੰਜ ਸੌ ਦੇ ਜੱਥਿਆਂ ਵਿੱਚ ਪੰਜ ਕਿਲਿਆਂ ਵਿੱਚ ਤੈਨਾਤ ਕੀਤਾ ਹੋਇਆ ਸੀ ਇਹ ਕਿਲੇ ਸਨ ਕਿਲਾ ਕੇਸ਼ਗੜ, ਆਨੰਦਗੜ, ਹੋਲਗੜ, ਲੋਹਗੜ੍ਹ ਤੇ ਅਗੰਮਪੁਰਾ । ਉਧਰ ਦਿੱਲੀ ਦੀ ਮੁਗਲ ਸੈਨਾ ਅਤੇ ਪਹਾੜੀ ਹਿੰਦੂ ਰਾਜਿਆਂ ਦੀ ਸੈਨਾ ਨਾਲ ਗੁੱਜਰ ਰੰਘੜ ਆਦਿ ਸਨ । ਛੇ ਅਤੇ ਸਤ ਪੋਹ ਦਿਸੰਬਰ 1704 ਦੀ ਰਾਤ ਨੂੰ ਗੁਰੂ ਜੀ ਨੇ ਅਨੰਦਪੁਰ ਛੱਡ ਦਿੱਤਾ । ਪਰ ਪਰਿਵਾਰ ਤਿੰਨ ਹਿੱਸਿਆਂ ਵਿੱਚ ਵੰਡਿਆ ਗਿਆ । ਬਹੁਤ ਸਾਰਾ ਸਮਾਨ ਤੇ ਇਤਿਹਾਸ ਆਦਿ ਸਰਸਾ ਨਦੀ ਦੀ ਭੇਂਟ ਚੜ ਗਿਆ ਸੀ । ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦੇ ਰਸੋਈਏ ਗੰਗੂ ਨਾਲ ਉਹਦੇ ਪਿੰਡ ਸਹੇੜੀ ਨੂੰ ਚਲੇ ਗਏ । ਗੁਰੂ ਗੋਬਿੰਦ ਸਿੰਘ ਜੀ ਵੱਡੇ ਸਾਹਿਬਜ਼ਾਦਿਆਂ ਨਾਲ ਚਮਕੌਰ ਸਾਹਿਬ ਵੱਲ ਨੂੰ ਤੇ ਗੁਰੂ ਕੇ ਮਹਿਲ ਭਾਈ ਮਨੀ ਸਿੰਘ ਜੀ ਨਾਲ਼ ਦਿੱਲੀ ਵੱਲ ਨੂੰ ਚਲੇ ਗਏ । 22-12-1704 ਨੂੰ ਚਮਕੌਰ ਦੀ ਗੜ੍ਹੀ ਵਿਚ ਸੰਸਾਰ ਦਾ ਅਨੋਖਾ ਯੁੱਧ ਹੋਇਆ । ਗੁਰੂ ਜੀ ਦੇ ਨਾਲ਼ 40 ਸਿੰਘ ਤੇ ਦੋ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਤੇ ਜੁਝਾਰ ਸਿੰਘ ਸਨ । ਇਹ ਸਭ ਭੁੱਖੇ ਪਿਆਸੇ ਕੱਚੀ ਗੜ੍ਹੀ ਵਿੱਚ ਜਿੱਤ ਜਾਂ ਮੌਤ ਲਈ ਡੱਟ ਗਏ । ਦੂਜੇ ਪਾਸੇ ਮੁਗਲ ਤੇ ਪਹਾੜੀ ਹਿੰਦੂ ਰਾਜਿਆਂ ਦੀ ਫੌਜ ਸੀ । ਗੁਰੂ ਜੀ ਤਰਫੋਂ ਪੰਜ ਸਿੰਘ ਜੈਕਾਰਾ ਛੱਡਦੇ ਗੜ੍ਹੀ ਵਿੱਚੋਂ ਨਿਕਲ ਕੇ ਸ਼ਹੀਦੀ ਤੱਕ ਲੜਦੇ ਰਹਿੰਦੇ । ਅਗਲੇ ਪੰਜ ਸਿੰਘ ਗੱਜਦੇ ਦਹਾੜਦੇ ਜੈਕਾਰੇ ਛੱਡਦੇ ਯੁੱਧ ਕਰਦੇ ਤੇ ਸ਼ਹੀਦੀ ਪਾ ਜਾਂਦੇ । ਏਸੇ ਤਰਾਂ ਸਭ ਲੜੇ । ਵਾਰੀ ਆਈ ਸਾਹਿਬਜ਼ਾਦਾ ਅਜੀਤ ਸਿੰਘ ਜੀ ਦੀ ਪੰਜ ਸਿੰਘ ਨਾਲ ਹੋਰ ਗਏ । ਜੋਸ਼ ਨਾਲ ਮੈਦਾਨ-ਏ-ਜੰਗ ਵਿੱਚ ਗੱਜੇ । ਗੁਰੂ ਗੋਬਿੰਦ ਸਿੰਘ ਜੀ ਇਹ ਕੌਤਕ ਆਪਣੇ ਅੱਖੀਂ ਦੇਖ ਰਹੇ ਸਨ । ਸਾਹਿਬਜ਼ਾਦੇ ਨੇ ਤਾਂ ਕਮਾਲ ਹੀ ਕਰ ਦਿੱਤੀ । ਲਹੂ ਲੁਹਾਣ ਹੋਏ ਪੂਰਨ ਫੱਟੜ ਹਾਲਤ ਵਿੱਚ ਭੀ ਬਿਜਲੀ ਦੀ ਤਰਾਂ ਘੁੰਮ ਘੁੰਮ ਲੜਦੇ ਗੁਰੂ ਜੀ ਨੇ ਆਪ ਦੇਖਿਆ । ਸਾਰਾ ਜੱਥਾ ਸ਼ਹੀਦੀ ਤੱਕ ਜੋਸ਼ ਨਾਲ਼ ਲੜਿਆ । ਐਧਰ ਸਾਹਿਬਜ਼ਾਦਾ ਜੁਝਾਰ ਸਿੰਘ ਜੀ ਭੀ ਮੈਦਾਨ-ਏ ਜੰਗ ਵਿੱਚ ਕੁੱਦਣ ਲਈ ਕੁਰੇਲੀਆਂ ਲੈ ਰਹੇ ਸਨ । ਗੁਰੂ ਜੀ ਤੋਂ ਆਗਿਆ ਲਈ । ਪੰਜ ਸਿੰਘ ਨਾਲ ਲਏ । ਬੱਦਲਾਂ ਦੀ ਤਰਾਂ ਗੱਜੇ । ਜੈਕਾਰੇ ਛੱਡੇ । ਦੁਸ਼ਮਣ ਤੇ ਕੁੱਦ ਕੇ ਪੈ ਗਏ । ਗੁਰੂ ਜੀ ਇਹ ਸਭ ਦੇਖ ਰਹੇ ਸਨ । ਜਦੋਂ ਸਾਹਿਬਜ਼ਾਦਾ ਸ਼ਹੀਦੀ ਪਾ ਗਿਆ ਤਾਂ ਗੁਰੂ ਜੀ ਨੇ ਜੈਕਾਰਾ ਛੱਡਿਆ । ਵਾਹਿਗੁਰੂ ਜੀ ਦਾ ਸ਼ੁਕਰ ਕੀਤਾ । ਹੁਣ ਗੜੀ ਵਿੱਚ ਗਿਆਰਾਂ ਸਿੰਘ ਰਹਿ ਗਏ । ਸਿੰਘਾਂ ਗੁਰਮਤਿ ਕੀਤਾ ਗੁਰੂ ਜੀ ਨੂੰ ਗੜ੍ਹੀ ਛੱਡ ਜਾਣ ਦਾ ਹੁਕਮਨਾਮਾ ਸੁਣਾਇਆ । ਪਹਿਲਾਂ ਤਾਂ ਗੁਰੂ ਸਾਹਿਬ ਮੰਨੇ ਨਹੀਂ ਪਰ ਸਿੰਘਾਂ ਨੇ ਦਬਾਅ ਪਾਇਆ ਤੇ ਗੜ੍ਹੀ ਛੱਡ ਜਾਣ ਲਈ ਕਿਹਾ । ਗੁਰੂ ਜੀ ਨੇ ਆਪਣੇ ਨਾਲ ਭਾਈ ਦਇਆ ਸਿੰਘ, ਭਾਈ ਧਰਮ ਸਿੰਘ ਤੇ ਭਾਈ ਮਾਨ ਸਿੰਘ ਅਤੇ ਦੋ ਹੋਰ ਸਿੰਘ ਨਾਲ ਲਏ । ਭਾਈ ਸੰਗਤ ਸਿੰਘ ਜੀ ਜਿਹਨਾਂ ਦਾ ਮੁਹਾਂਦਰਾ ਗੁਰੂ ਜੀ ਦੇ ਨਾਲ ਮਿਲਦਾ ਸੀ ਅਤੇ ਛੇ ਸਿੰਘ ਹੋਰ ਜੰਗ ਜਾਰੀ ਰੱਖਣ ਲਈ ਛੱਡ ਦਿੱਤੇ । ਗੜ੍ਹੀ ਛੱਡਣ ਵੇਲੇ ਇੱਕ ਤਰੀਕਾ ਵਰਤਿਆ ਅਤੇ ਮੁਗਲ ਫੌਜ ਵਿੱਚ ਘਬਰਾਹਟ ਪੈਦਾ ਹੋ ਗਈ । ਇਸ ਤਰਾਂ ਦੀਆਂ ਕਈ ਪਾਸਿਆਂ ਤੋਂ ਅਵਾਜ਼ਾਂ ਕੱਢੀਆਂ ਜਿਵੇ ਕਿ ਪਤਾ ਲੱਗੇ ਕਿ ਗੁਰੂ ਜੀ ਗੜ੍ਹੀ ਛੱਡ ਗਏ ਹੋਣ । ਦੁਸ਼ਮਣ ਵਿੱਚ ਭਗਦੜ ਮੱਚ ਗਈ । ਭਾਈ ਸੰਗਤ ਸਿੰਘ ਜੀ ਨੇ ਭੁਲੇਖਾ ਪਾਊ ਝਾਕੀ ਭੀ ਦਿੱਤੀ । ਬਹੁਤਿਆਂ ਨੂੰ ਭੁਲੇਖਾ ਪੈ ਗਿਆ ਕਿ ਗੁਰੂ ਜੀ ਗੜ੍ਹੀ ਦੇ ਅੰਦਰ ਹੀ ਹਨ ਜਦਕਿ ਗੁਰੂ ਜੀ ਨਿਕਲ ਚੁੱਕੇ ਸਨ । ਹਨੇਰੀ ਰਾਤ ਸੀ । ਸੰਘਣਾ ਜੰਗਲ ਸੀ । ਸਿੰਘ ਅਤੇ ਗੁਰੂ ਜੀ ਵਿਛੜ ਗਏ । ਇਧਰ ਦਿਨ ਚੜ੍ਹਦੇ ਸਾਰ ਜੰਗ ਸੁਰੂ ਹੋ ਗਈ ਤੇ ਗੁਰੂ ਜੀ ਮਾਛੀਵਾੜੇ ਪਹੁੰਚ ਗਏ । ਭਾਈ ਸੰਗਤ ਸਿੰਘ ਜੀ ਦਾ ਜੱਥਾ ਭੀ ਸ਼ਹੀਦੀ ਪਾ ਗਿਆ । ਮੁਗਲ ਭਾਈ ਸੰਗਤ ਸਿੰਘ ਜੀ ਦੀ ਲਾਸ਼ ਦੇਖ ਕੇ ਭੁਲੇਖਾ ਖਾ ਗਏ ਕਿ ਗੁਰੂ ਗੋਬਿੰਦ ਸਿੰਘ ਜੀ ਸ਼ਹੀਦ ਹੋ ਗਏ । ਉਧਰ ਮਾਤਾ ਗੁਜਰੀ ਜੀ ਨਾਲ ਛੋਟੇ ਸਾਹਿਬਜ਼ਾਦੇ ਜੋਰਾਵਰ ਸਿੰਘ ਜੀ ਤੇ ਫਤਿਹ ਸਿੰਘ ਜੀ ਨੂੰ ਇੱਕ ਗੁਰੂ ਘਰ ਦਾ ਹਿੰਦੂ ਬ੍ਰਾਹਮਣ ਰਸੋਈਆ ਗੰਗੂ ਆਪਣੇ ਪਿੰਡ ਸਹੇੜੀ ਲੈ ਗਿਆ । ਮੁਗਲ ਸਰਕਾਰ ਨੇ ਘੋਹਾ ਫਿਰਾਇਆ ਹੋਇਆ ਸੀ ਕਿ ਗੁਰੂ ਜੀ ਦੇ ਪਰਿਵਾਰ ਨੂੰ ਫੜਾਉਣ ਵਾਲੇ ਨੂੰ ਭਾਰੀ ਇਨਾਮ ਦਿੱਤੇ ਜਾਣਗੇ । ਮਾਤਾ ਗੁਜਰੀ ਜੀ ਕੋਲ ਭੀ ਕੀਮਤੀ ਮਾਲ ਅਤੇ ਮੋਹਰਾਂ ਆਦਿ ਸਨ । ਗੰਗੂ ਨੂੰ ਇਹ ਸਭ ਪਤਾ ਸੀ । ਉਹਨੂੰ ਦੋਹਰਾ ਲਾਭ ਹੁੰਦਾ ਦਿਖਾਈ ਦਿੱਤਾ । ਗੰਗੂ ਮੋਰਿੰਡੇ ਗਿਆ । ਠਾਣੇਦਾਰ ਨੂੰ ਇਤਲਾਹ ਦਿੱਤੀ ਕਿ ਮਾਤਾ ਗੁਜਰੀ

ਜੀ ਤੇ ਛੋਟੇ ਸਾਹਿਬਜ਼ਾਦੇ ਉਹਦੇ ਘਰ ਹਨ । ਮੁਗਲ ਸਰਕਾਰ ਨੇ ਤਿੰਨਾਂ ਨੂੰ ਗ੍ਰਿਫਤਾਰ ਕਰ ਲਿਆ ਤੇ ਸਰਹੰਦ ਦੇ ਠੰਢੇ ਬੁਰਜ ਵਿੱਚ ਬੰਦੀ ਬਣਾ ਲਏ । ਵਜੀਰ ਖਾਂ ਨਿਸਚਿੰਤ ਹੋ ਗਿਆ ਕਿ ਗੁਰੂ ਜੀ ਸ਼ਹੀਦ ਹੋ ਗਏ ਤੇ ਮਾਤਾ ਗੁਜਰੀ ਜੀ ਉਹਦੇ ਕਬਜੇ ਵਿੱਚ ਹੈ । ਮਾਤਾ ਗੁਜਰੀ ਤੇ ਬੱਚਿਆਂ ਤੇ ਮੁਕੱਦਮਾ ਚਲਿਆ । ਇਹ ਮੁਕੱਦਮਾ ਉਵੇਂ ਹੀ ਚਲਿਆ ਜਿਵੇਂ ਦਿੱਲੀ ਗੁਰੂ ਤੇਗ ਬਹਾਦਰ ਸਾਹਿਬ ਜੀ ਤੇ ਚਲਿਆ ਸੀ । ਮਾਤਾ ਗੁਜਰੀ ਜੀ ਦੇ ਸਾਹਮਣੇ ਛੋਟੇ 7 ਅਤੇ 9 ਸਾਲ ਦੇ ਸਾਹਿਬਜ਼ਾਦਿਆਂ ਨੂੰ ਭਿਆਨਕ ਤਸੀਹਿਆਂ ਉਪਰੰਤ ਸ਼ਹੀਦ ਕਰ ਦਿੱਤਾ ਤੇ 80 ਸਾਲਾਂ ਦੀ ਬਿਰਧ ਮਾਤਾ ਗੁਜਰੀ ਜੀ ਨੂੰ ਭੀ ਸ਼ਹੀਦ ਕਰ ਦਿੱਤਾ । ਉੱਧਰ ਗੁਰੂ ਜੀ ਮਾਛੀਵਾੜੇ ਤੋਂ ਸਾਹਨੇਵਾਲ ਆਲਮਗੀਰ ਹੁੰਦੇ ਹੋਏ ਹੇਰਾਂ ਸੀਲੋਆਣੀ ਵਿੱਚ ਦੀ ਹੁੰਦੇ ਹੋਏ ਲੰਮੇ ਜੱਟਪੁਰੇ ਪਹੁੰਚ ਗਏ । ਅੱਗੇ ਦੀਨੇ ਕਾਂਗੜ ਪਹੁੰਚੇ । ਇੱਥੋਂ ਹੀ ਸੰਗਤਾਂ ਨੂੰ ਸੁਨੇਹਾ ਪਹੁੰਚਿਆ ਕਿ ਗੁਰੂ ਗੋਬਿੰਦ ਸਿੰਘ ਜੀ ਦੀਨੇ ਕਾਂਗੜ ਦੀਵਾਨ ਲਾਈ ਬੈਠੇ ਹਨ । ਲਿਖਿਆ ਮਿਲਦਾ ਹੈ :-

ਲੱਖੀ ਜੰਗਲ ਖਾਲਸਾ ਆਏ ਦੀਦਾਰ ਲਗੋਨੇ । ਸੁਣ ਕੇ ਸਦ ਮਾਹੀ ਦੀ ਮੇਹੀ ਪਾਣੀ ਘਾਓ ਮਤੇ ਨੇ । ਕਿਸੇ ਨਾਲ ਨਾ ਰਲੀਆ ਕਾਈ ਕੋਈ ਸਉਕ ਪੀਓ ਨੇ । ਗਿਆ ਫਿਰਾਕ ਮਿਲਿਆ ਮਿਤੀ ਮਾਹੀ ਤਾਹੀ ਸੁਕਰ ਕੀਤੋਨੇ।

ਇਥੇ ਹੀ ਨੂਰੇ ਮਾਹੀ ਨੇ ਗੁਰੂ ਜੀ ਨੂੰ ਸਰਹੰਦ ਵਿੱਚ ਮਾਤਾ ਤੇ ਛੋਟੇ ਸਾਹਿਬਜ਼ਾਦਿਆਂ ਦਾ ਸ਼ਹੀਦੀ ਸਾਕਾ ਸੁਣਾਇਆ । ਉਸ ਵੇਲੇ ਗੁਰੂ ਜੀ ਨੇ ਆਪਣੇ ਤੀਰ ਦੀ ਨੋਕ ਨਾਲ ਇੱਕ ਕਾਂਹੀ (ਘਾਹ) ਦਾ ਬੂਟਾ ਪੁੱਟ ਕੇ ਕਿਹਾ ' ਹੁਣ ਮੁਗਲ ਰਾਜ ਦੀ ਜੜ੍ਹ ਐਂ ਪੁੱਟੀ ਜਾਏਗੀ ' ਕਿਸੇ ਕਵੀ ਨੇ ਠੀਕ ਹੀ ਕਿਹਾ:- ਨਾ ਬਾਤ ਕਹੂੰ ਅਬ ਕੀ । ਨਾ ਬਾਤ ਕਹੂੰ ਤਬ ਕੀ । ਅਗਰ ਨਾ ਹੋਤੇ ਗੁਰੂ ਗੋਬਿੰਦ ਸਿੰਘ ਤਾ ਸੁੰਨਤ ਹੋਤੀ ਸਭ ਕੀ । ਦੀਨੇ ਕਾਫੀ ਸਮਾਂ ਪੜਾਅ ਕੀਤਾ । ਸਰਹੰਦ ਦੇ ਨਵਾਬ ਵਜੀਰ ਖਾਨ ਨੂੰ ਭੀ ਪਤਾ ਲੱਗ ਗਿਆ ਕਿ ਗੁਰੂ ਜੀ ਸਹੀ ਸਲਾਮਤ ਦੀਨੇ ਬੈਠੇ ਹਨ । ਵਜੀਰ ਖਾਨ ਨੇ ਚੌਧਰੀ ਸ਼ਮੀਰ ਨੂੰ ਹੁਕਮ ਦਿੱਤਾ ਕਿ ਗੁਰੂ ਜੀ ਨੂੰ ਫੜ ਕੇ ਸਰਹੰਦ ਪੇਸ਼ ਕੀਤਾ ਜਾਵੇ । ਚੌਧਰੀ ਸ਼ਮੀਰ ਗੁਰੂ ਜੀ ਨੂੰ ਜਾਣ ਗਿਆ ਸੀ ਕਿ ਇਹ ਤਾਂ ਅੱਲ੍ਹਾ ਦੇ ਬੰਦੇ ਹਨ । ਕਾਫਿਰ ਨਹੀ ਹਨ । ਉਸਨੇ ਮਨ੍ਹਾ ਕਰ ਦਿੱਤਾ । ਚੌਧਰੀ ਸ਼ਮੀਰ ਅਤੇ ਹੋਰੂਨਾਂ ਤੋਂ ਪਤਾ ਲੱਗਿਆ ਕਿ ਔਰੰਗਜ਼ੇਬ, ਗੁਰੂ ਜੀ ਨੂੰ ਕਾਫਿਰ ਸਮਝਦੇ ਸਨ । ਗੁਰੂ ਜੀ ਨੇ ਇਸ ਗਲਤਫਹਿਮੀ ਨੂੰ ਦੂਰ ਕਰਨ ਲਈ ਕਿ ਉਹ ਕਾਫਿਰ ਨਹੀਂ, ਬੁੱਤ ਪੂਜਕ ਨਹੀ, ਮਾਇਆ ਦੇ ਲੋਭੀ ਨਹੀ , ਸਰਬੱਤ ਦਾ ਭਲਾ ਚਾਹੁਣ ਵਾਲੇ ਹਨ , ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਹਨ , ਲੋਕਾਈ ਨੂੰ ਇੱਕ ਅੱਲ੍ਹਾ ਦੇ ਲੜ ਲਾਉਣਾ ਨਿਸ਼ਾਨਾ ਹੈ , ਇਹ ਸਾਰਾ ਕੁੱਝ ਸਮਝਾਉਣ ਦੀ ਨੀਤੀ ਨਾਲ ਲਿਖਕੇ ਇੱਕ ਚਿੱਠੀ ਦੇ ਰੂਪ ਵਿੱਚ ਭਾਈ ਦਇਆ ਸਿੰਘ ਜੀ ਨੂੰ ਔਰੰਗਜ਼ੇਬ ਕੋਲ ਭੇਜਿਆ । ਜਦੋਂ ਔਰੰਗਜ਼ੇਬ ਨੂੰ ਪਤਾ ਲੱਗਿਆ ਕਿ ਗੁਰੂ ਜੀ ਤਾਂ ਸਹੀ ਮਾਹਨਿਆਂ ਵਿੱਚ ਇੱਕ ਅੱਲ੍ਹਾ ਦੇ ਬੰਦੇ ਹਨ । ਉਸਨੂੰ ਵਿੱਚ ਗੁਰੂ ਜੀ ਨੂੰ ਮਿਲਣ ਦੀ ਤੜਫ ਪੈਦਾ ਹੋ ਗਈ । ਵਜੀਰ ਖਾਨ ਨੇ ਗੁਰੂ ਜੀ ਨੂੰ ਖਤਮ ਕਰਨ ਲਈ ਸੂਹੀਏ ਭੇਜ ਦਿੱਤੇ । ਗੁਰੂ ਜੀ ਨੇ ਦੀਨਾ ਕਾਂਗੜ ਛੱਡ ਦਿੱਤਾ ਜਲਾਲ,ਭਗਤਾ ਤੇ ਪੱਤੋ ਕੇ ਦੇ ਵਿੱਚ ਦੀ ਹੁੰਦੇ ਹੋਏ ਕੋਟਕਪੂਰਾ ਪਹੁੰਚ ਗਏ । ਉਸ ਤੋਂ ਅੱਗੇ ਢਿਲਵਾਂ ਤੇ ਜੈਤੋ ਆਦਿ ਦੀ ਹੁੰਦੇ ਹੋਏ ਖਿਦਰਾਣੇ ਦੀ ਢਾਬ ਤੇ ਪਹੁੰਚ ਗਏ । ਬਹੁਤ ਸਾਰੇ ਵਿਛੜੇ ਮਰਜੀਵੜੇ ਸਿੰਘ ਭੀ ਗੁਰੂ ਜੀ ਨਾਲ ਮਿਲ ਗਏ । ਵਜੀਰ ਖਾਨ ਨੇ ਭੀ ਗੁਰੂ ਜੀ ਨੂੰ ਫੜਨ ਲਈ ਫੌਜਾਂ ਭੇਜ ਦਿੱਤੀਆਂ ਸਨ । ਉਸ ਇਲਾਕੇ ਵਿੱਚ ਪਾਣੀ ਦੀ ਕਮੀ ਸੀ । ਸਿੰਘਾਂ ਨੇ ਪਾਣੀ ਵਾਲੀ ਖਿਦਰਾਣੇ ਦੀ ਢਾਬ ਤੇ ਕਬਜਾ ਕਰ ਰੱਖਿਆ ਸੀ । ਸਿੰਘਾਂ ਵਿੱਚ ਜਿੱਤ ਜਾਂ ਮੌਤ ਦਾ ਜੋਸ਼ ਸੀ । ਵਜੀਰ ਖਾਨ ਦੀ ਫੌਜ ਨਾਲ ਘਮਸਾਨ ਦਾ ਯੁੱਧ ਹੋਇਆ । ਗੁਰੂ ਜੀ ਦੀ ਜਿੱਤ ਹੋਈ । ਇੱਥੇ ਸ਼ਹੀਦ ਹੋਣ ਵਾਲੇ ਸਿੰਘਾਂ ਨੂੰ ਮੁਕਤ ਸਿੰਘਾਂ ਦਾ ਖਿਤਾਬ ਮਿਲਿਆ ਅਤੇ ਇਸ ਅਸਥਾਨ ਦਾ ਨਾਮ ਭੀ ਮੁਕਤਸਰ ਪੈ ਗਿਆ । ਇਸ ਖਿਦਰਾਣੇ ਦੀ ਲੜਾਈ ਵਿੱਚ ਇਕ ਬੀਬੀ ਭਾਗੋ ਦੇ ਬੀਬੀਆਂ ਦੇ ਜੱਥੇ ਨੇ ਭੀ ਭਾਗ ਲਿਆ । ਉਹਨਾ ਨੇ ਭੀ ਡੱਟ ਕੇ ਗੁਰੂ ਜੀ ਦਾ ਸਾਥ ਦਿੱਤਾ ਤੇ ਸ਼ਹੀਦੀ ਨੂੰ ਪ੍ਰਾਪਤ ਹੋਈਆਂ । ਇਹ ਮੁਕਤਸਰ ਦੀ ਲੜਾਈ ਮਈ 1705 ਨੂੰ ਹੋਈ ਸੀ । ਮੁਕਤਸਰ ਦੀ ਜੰਗ ਤੋਂ ਬਾਅਦ ਗੁਰੂ ਜੀ ਨੇ ਖੁੱਲ੍ਹ ਕੇ ਪ੍ਰਚਾਰ ਫੇਰੀ ਕੀਤੀ । ਫਿਰੋਜ਼ਪੁਰ ਲਾਗੇ ਵਜੀਦਪੁਰ ਰੁਪੇਆਣਾ ਥੇਹੜੀ ਭੂੰਦੜ ਆਦਿ ਪਿੰਡਾਂ ਵਿੱਚ ਧੜੱਲੇ ਨਾਲ ਗੁਰਮਤਿ ਦਾ ਪ੍ਰਚਾਰ ਕੀਤਾ । ਭਾਰੀ ਗਿਣਤੀ ਵਿੱਚ ਸੰਗਤ ਜੁੜ ਗਈ । ਇਸ ਪ੍ਰਚਾਰ ਫੇਰੀ ਦੌਰਾਨ ਕਈ ਮੁਸਲਮਾਨ ਭੀ ਸਿੰਘ ਸਜ ਗਏ । ਇੱਕ ਮੁਸਲਮਾਨ ਫਕੀਰ ਛੱਤੇਆਣੇ ਦਾ ਸੀ ਉਸਨੇ ਗੁਰੂ ਜੀ ਪਾਸੋਂ ਅੰਮ੍ਰਿਤ ਛੱਕ ਕੇ ਅਜਮੇਰ ਸਿੰਘ ਦੇ ਰੂਪ ਵਿੱਚ ਗੁਰੂ ਜੀ ਨਾਲ ਵਿਚਰਿਆ । ਉਸਦੇ ਚੇਲੇ ਭੀ ਗੁਰੂ ਜੀ ਨਾਲ ਹੋ ਗਏ । ਗੁਰੂ ਜੀ ਨੇ ਤਨਖਾਹ ਤੇ ਭਰਤੀ ਕਰਕੇ ਫੌਜ ਖੜੀ ਕਰ ਲਈ । ਇਸ ਵਿੱਚ ਜਿਆਦਾਤਰ ਬੈਰਾੜ ਜੱਟ ਸਨ । ਜਦੋਂ ਬੈਰਾੜੀ ਜੱਟਾਂ ਨੂੰ ਕਈ ਮਹੀਨੇ ਤਨਖਾਹ ਨਾਂ ਮਿਲੀ ਤਾਂ ਬੈਰਾੜੀ ਜੱਟ ਫੌਜੀ ਅੜ ਗਏ । ਦਾਨੀ ਸਿੰਘਾਂ ਨੇ ਆਪਣੇ ਦਸਵੰਦ ਦੀ ਮਾਇਆ ਗੁਰੂ ਜੀ ਨੂੰ ਭੇਟ ਕੀਤੀ ਤੇ ਤਨਖਾਹ ਦੀ ਅਦਾਇਗੀ ਕੀਤੀ ਗਈ ਤੇ ਅੱਗੇ ਬਾਜਕ ਤੋਂ ਹੁੰਦੇ ਹੋਏ ਤਲਵੰਡੀ ਸਾਬੋ ਪਹੁੰਚੇ । ਇੱਥੇ ਗੁਰੂ ਜੀ ਨੇ ਕਮਰਕੱਸਾ ਖੋਹਲ ਕੇ ਦਮ ਲਿਆ । ਇਸ ਸ਼ਹਿਰ ਦਾ ਨਾਮ ਹੀ ਦਮਦਮਾ ਸਾਹਿਬ ਪੈ ਗਿਆ । ਇੱਥੇ ਇੱਕ ਹੰਕਾਰੀ ਕਿਸਮ ਦਾ ਜਿਮੀਦਾਰ ਡੱਲੇ ਨਾਲ ਮਿਲਾਪ ਹੋਇਆ । ਉਸਦੇ ਸਿਪਾਹੀਆਂ ਤੇ ਗੁਰੂ ਜੀ ਦੇ ਸਿਪਾਹੀਆਂ ਦੀ ਬਹਾਦਰੀ ਦੀ ਪਰਖ ਹੋਈ ਤੇ ਉਸਦਾ ਹੰਕਾਰ ਤੋੜਿਆ ਤੇ ਉਹ ਭਾਈ ਡੱਲਾ ਬਣਕੇ ਗੁਰੂ ਜੀ ਦਾ ਸ਼ਰਧਾਲੂ ਬਣ ਗਿਆ । ਇੱਥੇ ਹੀ ਭਾਈ ਮਨੀ ਸਿੰਘ ਜੋ ਕਿ ਦਿੱਲੀ ਗੁਰੂ ਕੇ ਮਹਿਲਾਂ ਨਾਲ ਸੀ ਉਹ ਭੀ ਗੁਰੂ ਕੇ ਮਹਿਲਾਂ ਨਾਲ ਆ ਗਿਆ । ਭਾਈ ਮਨੀ ਸਿੰਘ ਜੀ ਕੋਲ ਗੁਰੂ ਅਰਜਨ ਸਾਹਿਬ ਜੀ ਸੰਪਾਦਿਤ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਦਾ ਇੱਕ ਉਤਾਰਾ ਸੀ ਅਤੇ ਹੋਰ ਸਿੰਘਾਂ ਕੋਲ ਭੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਸੀ । ਗੁਰੂ ਗੋਬਿੰਦ ਸਿੰਘ ਜੀ ਦੀ ਨਿਗਰਾਨੀ ਹੇਠ ਭਾਈ ਮਨੀ ਸਿੰਘ ਜੀ ਤੋਂ ਇੱਕ ਬੀੜ ਲਿਖਵਾਈ ਗਈ ਉਸ ਵਿੱਚ ਗੁਰੂ ਨਾਨਕ ਸਾਹਿਬ ਜੀ ਦੀ

ਮੋਹਰ ਵਾਲੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਦਰਜ ਕੀਤੀ । ਭਾਈ ਦਇਆ ਸਿੰਘ ਜੀ ਭੀ ਔਰੰਗਜ਼ੇਬ ਨੂੰ ਮਿਲ ਕੇ 20-10-1706 ਨੂੰ ਤਲਵੰਡੀ ਆ ਗਏ । ਅੱਛੀ ਖ਼ਬਰ ਲਿਆਇਆ ਕਿ ਬਾਦਸ਼ਾਹ ਗੁਰੂ ਜੀ ਨੂੰ ਮਿਲ ਕੇ ਹੋਈਆਂ ਵਧੀਕੀਆਂਦਾ ਪਸਚਾਤਾਪ ਕਰਨਾ ਚਾਹੁੰਦਾ ਹੈ । ਔਰੰਗਜ਼ੇਬ ਦੱਖਣ ਵੱਲ ਸੀ । ਬੀਮਾਰ ਸੀ । ਗੁਰੂ ਜੀ ਦਾਦੂਆਂ ਦੀ ਸਮਾਧ ਤੋਂ ਹੁੰਦੇ ਹੋਏ ਅਰਾਵਲੀ ਪਰਬਤ ਦੇ ਘਨੌਰ ਸ਼ਹਿਰ ਪਹੁੰਚੇ । ਇੱਥੇ ਹੀ ਪਤਾ ਲੱਗਿਆ ਕਿ ਔਰੰਗਜ਼ੇਬ 20-02-1707 ਅੱਲ੍ਹਾ ਨੂੰ ਪਿਆਰੇ ਹੀ ਗਏ । ਔਰੰਗਜ਼ੇਬ ਦੇ ਤਿੰਨ ਪੁੱਤਰ ਸਨ :- ਮੁਅੱਜਮ, ਆਜ਼ਮ ਤੇ ਕਾਮਬਖਸ਼ । ਰਾਜ ਗੱਦੀ ਲਈ ਹਬੜਾਦਬੜੀ ਮੱਚ ਗਈ । ਕਾਮਬਖਸ਼ ਨੇ ਤਾਂ ਦੱਖਣ ਸੰਭਾਲ ਲਿਆ । ਉੱਤਰ ਵਲ ਵੱਡੇ ਮੁਅੱਜਮ ਤੇ ਆਜਮ ਦਾ ਝਗੜਾ ਚਲ ਪਿਆ । ਮੁਅੱਜਮ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਮਦਦ ਲਈ ਬੇਨਤੀ ਕੀਤੀ । ਗੁਰੂ ਜੀ ਨੇ ਭਾਈ ਮਾਨ ਸਿੰਘ ਜੀ ਦੀ ਅਗਵਾਈ ਹੇਠ ਸਿੰਘਾਂ ਦੀ ਫੌਜ ਭੇਜੀ । ਮੁਅੱਜਮ ਦੀ ਜਿੱਤ ਹੋਈ । ਮੁਅੱਜਮ, ਬਹਾਦਰ ਸ਼ਾਹ ਦੇ ਨਾਮ ਤੇ ਦਿੱਲੀ ਦੇ ਤਖਤ ਤੇ ਬੈਠਾ । ਗੁਰੂ ਜੀ ਤੇ ਬਹਾਦਰ ਸ਼ਾਹ ਦਾ 23 ਜੁਲਾਈ 1707 ਨੂੰ ਮੇਲ ਹੋਇਆ । ਬਹਾਦਰ ਸ਼ਾਹ ਨੇ ਗੁਰੂ ਜੀ ਨੂੰ 60 ਹਜਾਰ ਰੁਪਈਆ ਤੇ ਇੱਕ ਧੁਖਧੁਖੀ ਭੇਟ ਕੀਤੀ । ਸਰਹੰਦ ਦਾ ਨਵਾਬ ਬਹੁਤ ਖਫਾ ਹੋਇਆ ਉਸਨੇ ਆਪਣੇ ਸੂਹੀਆਂ ਰਾਹੀ ਗੁਰੂ ਜੀ ਤੇ ਹਮਲਾ ਕਰਵਾ ਦਿੱਤਾ । ਨਾਂਦੇੜ ਵਿਖੇ ਗੁਰੂ ਜੀ ਦਾ ਮੇਲ ਮਾਧੋਦਾਸ ਬੈਰਾਗੀ ਨਾਲ ਹੋਇਆ । ਮਾਧੋਦਾਸ ਬੈਰਾਗੀ ਅੰਮ੍ਰਿਤ ਛੱਕ ਕੇ ਬੰਦਾ ਸਿੰਘ ਬਹਾਦਰ ਬਣਿਆ । ਬੰਦਾ ਸਿੰਘ ਬਹਾਦਰ ਨੂੰ ਗੁਰੂ ਜੀ ਨੇ ਇੱਕ ਸਿੰਘਾਂ ਦਾ ਜੱਥਾ, ਪੰਜ ਤੀਰ,ਨਗਾਰਾ ਤੇ ਨਿਸ਼ਾਨ ਸਾਹਿਬ ਦੇ ਕੇ ਸਰਹੰਦ ਫਤਿਹ ਕਰਨ ਲਈ ਵਿਦਾ ਕੀਤਾ । ਸਿੰਘਾਂ ਨੂੰ ਹੁਕਮ ਕੀਤਾ ਕਿ ਅੱਜ ਤੋਂ ਤੁਸੀ ਕੇਵਲ ਤੇ ਕੇਵਲ ਗੁਰੂ ਗ੍ਰੰਥ ਸਾਹਿਬ ਜੀ ਤੋਂ ਹੀ ਅਗਵਾਈ ਲੈਣੀ ਹੈ । ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਿਆਈ ਦੇ ਕੇ ਆਪ 06-10-1708 ਨੂੰ ਜੋਤੀ ਜੋਤ ਸਮਾ ਗਏ । ਵਿਦਵਾਨਾਂ ਨੇ ਗੁਰੂ ਗੋਬਿੰਦ ਸਿੰਘ ਜੀ ਬਾਰੇ ਬਹੁਤ ਲਿਖਿਆ ਹੈ । ਭਲਾ ਸੋਚੋ ! ਪਟਨੇ ਤੋਂ ਨਾਂਦੇੜ ਸਾਹਿਬ ਦੇ 42 ਸਾਲਾਂ ਦੇ ਸਫਰ ਵਿੱਚ ਗੁਰੂ ਜੀ ਨੇ ਕਿਤੇ ਇੱਕ ਵਾਰੀ ਭੀ ਜਿਕਰ ਕੀਤਾ ਹੋਵੇ ਕਿ ਭਾਈ ਸਿੰਘੋ ! ਆਓ ਤੁਹਾਨੂੰ ਉਸ ਥਾਂ ਦੇ ਦਰਸ਼ਨ ਕਰਾਈਏ ਜਿੱਥੇ ਅਸੀ ਪਿੱਛਲੇ ਜਨਮ ਵਿੱਚ ਭਗਤੀ ਕੀਤੀ ਸੀ । ਨਾਂ ਕਿਸੇ ਗੁਰੂ ਸਾਹਿਬ ਜੀ ਨੇ ਇਸਾਰਾ ਕੀਤਾ ਹੈ । ਫਿਰ ਐਵੇਂ ਹੀ ਸਿੱਖਾਂ ਦੇ ਸਿਰ ਤੇ ਹੇਮ ਕੁੰਡ ਦੀ ਕਥਾ ਕਿਉਂ ਮੜੀ ਗਈ । ਇਹ ਬ੍ਰਾਹਮਣ ਵਾਦੀਆਂ ਦੀ ਸ਼ਾਤਰਤਾ ਹੈ । ਬ੍ਰਾਹਮਣ ਵਾਦੀਆਂ ਨੂੰ ਪਤਾ ਹੈ ਕਿ ਸਿੱਖ ਗੁਰੂ ਗੋਬਿੰਦ ਸਿੰਘ ਜੀ ਦੇ ਨਾਮ ਤੇ ਕਮਲ਼ੇ ਹੋਕੇ ਪਿੱਛੇ ਲੱਗ ਜਾਂਦੇ ਹਨ । ਇਸ ਲਈ ਗੁਰੂ ਗੋਬਿੰਦ ਸਿੰਘ ਜੀ ਦੇ ਨਾਮ ਤੇ ਹੇਮਕੁੰਟ ਹਿੰਦੂ ਧਾਮਾਂ ਗੰਗੋਤਰੀ ਜਮਨੋਤਰੀ ਬਦਰੀ ਨਾਥ ਆਦਿ ਦੇ ਮੱਧ ਵਿੱਚ ਸਥਾਪਿਤ ਕਰਵਾ ਲਿਆ ਤਾਂ ਕਿ ਹਿੰਦੂ ਧਾਮਾਂ ਦੇ ਖਰਚੇ ਦਾ ਸਦੀਵੀ ਪ੍ਰਬੰਧ ਹੋ ਗਿਆ । ਗੁਰੂ ਗੋਬਿੰਦ ਸਿੰਘ ਜੀ ਦੇ ਨਾਮ ਤੇ ਇੱਕ ਗ੍ਰੰਥ ਭੀ ਸਿਰਜ ਦਿੱਤਾ । ਉਸ ਵਿੱਚ ਹੀ ਇਸ ਹੇਮਕੁੰਟ ਦੀ ਕਥਾ ਦਾ ਜ਼ਿਕਰ ਭੀ ਹੈ । ਸ਼ਾਤਰ ਮੰਨੂਵਾਦੀਆਂ ਨੇ ਸਿੱਖ ਕੌਮ ਨੂੰ ਇੱਕ ਤਾਂ ਅਨੰਦਪੁਰ ਸਾਹਿਬ ਤੋਂ ਤੋੜ ਕੇ ਇੱਧਰ ਹੇਮਕੁੰਟ ਵਲ ਨੂੰ ਕਰਨਾ ਸੀ ਤੇ ਦੂਸਰਾ ਗੁਰੂ ਗ੍ਰੰਥ ਸਾਹਿਬ ਜੀ ਨਾਲੋਂ ਤੋੜ ਕੇ ਅਖੌਤੀ ਦਸਮ ਗ੍ਰੰਥ ਵਲ ਨੂੰ ਕਰਨਾ ਹੈ ਤਾਂ ਕਿ ਹਿੰਦੂ ਧਰਮ ਦੇ ਕਾਲਪਨਿਕ ਤੇ ਪਖੰਡਵਾਦ ਪ੍ਰਚਾਰ ਵਿੱਚ ਸਿੱਖ ਕੌਮ ਨੂੰ ਉਲਝਾ ਕੇ ਰੱਖਿਆ ਜਾਏ । ਅਜਿੱਤ ਸਿੱਖ ਕੌਮ ਨੂੰ ਕਾਬੂ ਵਿੱਚ ਰੱਖਿਆ ਜਾਏ । ਕੇਵਲ ਤੇ ਕੇਵਲ ਗੁਰੂ ਗ੍ਰੰਥ ਸਾਹਿਬ ਜੀ ਹੀ ਹਿੰਦੂ ਰਾਸ਼ਟਰ ਦੇ ਨਿਰਮਾਣ ਵਿੱਚ ਰੋੜਾ ਹੈ ।

ਅਖੀਰ ਵਿੱਚ ਦੋ ਵਿਦਵਾਨਾਂ ਦੀਆਂ ਉਦਾਹਰਨਾਂ ਦੇਕੇ ਲੇਖ ਦੀ ਸਮਾਪਤੀ ਕਰਦਾ ਹਾਂ । 'ਗੋਕੁਲ ਚੰਦ ਨਾਰੰਗ :- ਜਿਸ ਰੁੱਖ ਨੇ ਗੁਰੂ ਗੋਬਿੰਦ ਸਿੰਘ ਜੀ ਵੇਲੇ ਫਲ ਦਿੱਤਾ ਉਹ ਰੁੱਖ ਗੁਰੂ ਨਾਨਕ ਸਾਹਿਬ ਜੀ ਨੇ ਲਗਾਇਆ ਸੀ ਤੇ ਅੱਠ ਗੁਰੂਆਂ ਨੇ ਸਿੰਜਿਆ ਸੀ । ਜਿਸ ਤੇਗ ਨੇ ਖਾਲਸੇ ਦੀ ਸ਼ਾਨ ਫੈਲਾਈ ਇਹ ਠੀਕ ਹੈ ਕਿ ਉਸਨੂੰ ਤਿਆਰ ਤਾਂ ਗੁਰੂ ਗੋਬਿੰਦ ਸਿੰਘ ਜੀ ਨੇ ਕੀਤਾ ਪਰ ਫੌਲਾਦ ਗੁਰੂ ਨਾਨਕ ਸਾਹਿਬ ਜੀ ਕਮਾ ਕੇ ਗਏ ਸਨ । 'ਹੁਣ ਅਸੀ ਦੇਖਣਾ ਹੈ ਕਿ ਉਹ ਰੁੱਖ ਅਤੇ ਫੌਲਾਦ ਕੀ ਚੀਜ ਹੈ । ਇਹ ਹਨ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ । ਇਹ ਸ਼ਸਤਰ ਹੈ । ਇਹ ਜਰੂਰੀ ਹੈ । ਇਸ ਸ਼ਸਤਰ ਨਾਲ ਮਨੁੱਖ ਨੇ ਪਹਿਲਾਂ ਸਚਿਆਰ ਬਣਨਾ ਹੈ । ਸਚਿਆਰ ਬਣ ਕੇ ਸੇਵਕ ਬਣਨਾ ਹੈ । ਇੱਜਤ ਮਾਣ ਨਾਲ ਜੀਣਾ ਹੈ ਤੇ ਜੀਣ ਦੇਣਾ ਹੈ । ਜੇ ਕੋਈ ਸਰਕਾਰ ਆਦਿ ਤੱਕ ਰੁਕਾਵਟ ਬਣਦਾ ਹੈ ਤਾਂ ਪਹਿਲਾਂ ਸਮਝਾਉਣਾ ਹੈ ਨਾ ਸਮਝੇ ਤੇ ਅਤਿਆਚਾਰ ਕਰੇ ਤਾਂ ਜਿੱਤ ਜਾਂ ਮੌਤ ਤੱਕ ਸ਼ਸਤਰ ਚੁੱਕਣਾ ਹੈ । ਇਹੀ ਗੁਰੂ ਜੀ ਦਾ ਹੁਕਮ ਹੈ :- ਜੇ ਜੀਵੈ ਪਤਿ ਲਥੀ ਜਾਇ ਸਭ ਹਰਾਮ ਜੇਤਾ ਕਿਛੁ ਖਾਇ ।। ਬੇਇਜਤੀ ਭੀ ਕਰਾਈ ਜਾਣੀ ਤੇ ਢੀਠ ਜਿਹੇ ਹੋ ਕੇ ਲਾਭ ਲਈ ਜਾਣਾ ਖਾਈ ਪੀਈ ਭੀ ਜਾਣਾ । ਇਹ ਹਰਾਮ ਹੈ । ਇੱਕ ਪ੍ਰਮੁੱਖ ਅੰਗਰੇਜ ਇਤਿਹਾਸਕਾਰ ਅਰਨਡ ਟਾਇਨਬੀ ਨੇ 1952 ਵਿੱਚ ਇੱਕ ਗ੍ਰੰਥ ਲਿਖਿਆ ਜਿਸਦਾ ਨਾਮ ਹੈ ਮਹਾਂ ਗ੍ਰੰਥ ਹਿਸ਼ਟਰੀ ਆਫ ਵਰਲਡ । ਇਸ ਵਿੱਚ ਜ਼ਿਕਰ ਹੈ ਕਿ ਲੈਨਿਨ ਦੀ ਕਮਿਊਨਿਸਟ ਪਾਰਟੀ ਦਾ ਪੂਰਵਜ ਗੁਰੂ ਗੋਬਿੰਦ ਸਿੰਘ ਜੀ ਦਾ ਖ਼ਾਲਸਾ ਹੈ' ਜ਼ਾਹਰ ਹੈ ਕਿ ਲੈਨਿਨ ਨੇ ਖ਼ਾਲਸਾ ਰਾਜ ਬਾਰੇ ਜਾਣਕਾਰੀ ਪ੍ਰਾਪਤ ਕੀਤੀ ਸੀ । ਇਸਲਾਮਿਕ ਤਾਨਾਸ਼ਾਹੀ ਰਾਜਾਂ ਦੇ ਐਨ ਵਿਚਕਾਰ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਸੀ । ਉਸਦੇ 40 ਸਾਲਾਂ ਦੇ ਖ਼ਾਲਸਾ ਰਾਜ ਵਿੱਚ ਕਦੇ ਕਿਸੇ ਇੱਕ ਨੂੰ ਭੀ ਫਾਂਸੀ ਜਾਂ ਮੌਤ ਦੀ ਸਜਾ ਨਹੀਂ ਸੀ ਹੋਈ । ਖ਼ਾਲਸਾ ਰਾਜ ਦਾ ਖ਼ਜਾਨਾ ਦੁਨੀਆਂ ਦੇ ਸਾਰੇ ਰਾਜਿਆਂ ਦੇ ਖ਼ਜਾਨਿਆਂ ਨਾਲੋਂ ਅਮੀਰ ਸੀ । ਕੋਹਿਨੂਰ ਹੀਰਾ ਖ਼ਾਲਸਾ ਰਾਜ ਦੇ ਖਜਾਨੇ ਦਾ ਸ਼ਿੰਗਾਰ ਸੀ । ਖ਼ਾਲਸਾ ਫੌਜ ਦੁਨੀਆਂ ਦੀਆਂ ਸਾਰੀਆਂ ਫੌਜਾਂ ਨਾਲੋਂ ਉਤਮ ਸੀ ।

ਬਾਕੀ ਸਫਾ 33 ਤੇ

ਪਰਮ ਮਨੁੱਖ ਗੁਰੂ ਗੋਬਿੰਦ ਸਿੰਘ ਜੀ



ਸੰਪੂਰਨ ਸਿੰਘ

ਸੰਨ 1932 ਈ: ਵਿੱਚ ਸ. ਗੁਰਬਖਸ਼ ਸਿੰਘ ਪ੍ਰੀਤਲੜੀ ਨੇ ਸ਼ਰਧਾ ਦੇ ਪ੍ਰਬਲ ਰੌਂ ਵਿੱਚ "ਪਰਮ ਮਨੁੱਖ" ਨਾਮੀ ਇੱਕ ਲੇਖ ਲਿਖਿਆ ਸੀ, ਪਰ ਉਸ ਵਕਤ ਦੀ ਪੰਥਕ ਸਰਕਾਰ ਨੂੰ ਉਸ ਲੇਖ ਵਿਚੋਂ ਕਿਸੇ ਬਗਾਵਤ ਦੀ ਝਲਕ ਪਈ, ਜਿਸ ਕਾਰਨ ਨਾ ਸਿਰਫ਼ ਉਸ ਲੇਖਣੀ ਨੂੰ ਅਪਰਵਾਨ ਹੀ ਕਰ ਦਿੱਤਾ ਗਿਆ ਸਗੋਂ ਸ਼ਰਧਾ ਨੂੰ ਨਾਸਤਿਕਤਾ ਆਖ ਕੇ ਲੇਖਕ ਨੂੰ ਸੋਧ ਛੱਡਣ ਦਾ ਇਸ਼ਾਰਾ ਵੀ ਕੀਤਾ ਗਿਆ ਸੀ। ਗੁਰੂ ਸੰਗਤਾਂ ਵਿੱਚ ਇਸ ਲੇਖ ਕਾਰਨ ਬੜਾ ਰੌਲਾ ਰੱਪਾ ਪਿਆ ਅਤੇ ਉਹਨਾਂ ਵੱਲੋਂ ਇਹ ਇਤਰਾਜ਼ ਲਗਾਇਆ ਗਿਆ ਸੀ ਕਿ, "ਸ. ਗੁਰਬਖਸ਼ ਸਿੰਘ ਪ੍ਰੀਤਲੜੀ ਨੇ ਦਸਮ ਪਿਤਾ ਨੂੰ ਪਰਮ ਮਨੁੱਖ ਕਿਉਂ ਲਿਖਿਆ ਹੈ। ਉਹ ਤਾਂ ਰੱਬ ਦੇ ਅਵਤਾਰ ਹਨ"। ਉਦੋਂ ਦੇ ਸ੍ਰੋਮਣੀ ਵਿਦਵਾਨ – ਭਾਈ ਸਾਹਿਬ ਭਾਈ ਕਾਹਨ ਸਿੰਘ ਜੀ ਨਾਭਾ, ਪ੍ਰਿੰਸੀਪਲ ਤੇਜਾ ਸਿੰਘ, ਪ੍ਰਿੰਸੀਪਲ ਜੋਧ ਸਿੰਘ, ਪ੍ਰਿੰਸੀਪਲ ਹਰਕਿਸ਼ਨ ਸਿੰਘ, ਪ੍ਰਿੰਸੀਪਲ ਨਰਿੰਜਣ ਸਿੰਘ ਨਾਲ ਗੱਲਬਾਤ ਕਰਦਿਆਂ, ਸ. ਗੁਰਬਖਸ਼ ਸਿੰਘ ਪ੍ਰੀਤਲੜੀ ਨੇ ਉਹਨਾਂ ਸਾਹਮਣੇ ਆਪਣੇ ਪੱਖ ਨੂੰ ਸਾਫ਼ ਕੀਤਾ ਸੀ, ਕਿ "ਉਸ ਨੇ ਕੁਝ ਵੀ ਐਸਾ ਨਹੀਂ ਸੀ ਲਿਖਿਆ ਜੋ ਅਪਮਾਨ ਜਨਕ ਹੋਵੇ।" "ਗੁਰੂ ਸਾਹਿਬ ਨੂੰ ਮੈਂ ਅਵਤਾਰ ਇਸ ਲਈ ਨਹੀਂ ਆਖਿਆ, ਕਿਉਂ ਜੋ ਅਵਤਾਰ ਕਿਸੇ ਬਾਹਰਲੀ ਤਾਕਤ ਦੀ ਚੋਣ ਨਾਲ ਹੀ ਕੋਈ ਬਣ ਸਕਦਾ ਹੈ, ਪਰ ਪਰਮ ਮਨੁੱਖ ਆਪਣੇ ਗਿਆਨ, ਪ੍ਰੇਮ ਤੇ ਬੀਰਤਾ ਨਾਲ ਹੀ ਬਣਿਆ ਜਾ ਸਕਦਾ ਹੈ ਤੇ ਗੁਰੂ ਗੋਬਿੰਦ ਸਿੰਘ ਜੀ ਨੇ ਇੱਕਤਾਲੀ ਵਰ੍ਹੇ ਦੀ ਛੋਟੀ ਜਿਹੀ ਉਮਰ ਵਿੱਚ, ਗਿਆਨ ਪ੍ਰੇਮ ਤੇ ਬੀਰਤਾ ਵਿੱਚ ਪਰਮ ਮਨੁੱਖ ਹੋਣ ਦਾ ਰੁਤਬਾ ਹਾਸਲ ਕੀਤਾ ਸੀ। ਅਵਤਾਰ, ਤਾਰੀਖ ਵਿੱਚ ਅਨੇਕਾਂ ਹਨ ਪਰ ਪਰਮ ਮਨੁੱਖ ਕੋਈ ਵਿਰਲੇ ਹੀ ਹਨ।"

ਹੋਣੀ ਦੀਆਂ ਚੋਜਾਂ ਵੇਖੋ 20 ਸਾਲਾਂ ਬਾਅਦ, ਇਸ ਪੁਸਤਕ "ਪਰਮ ਮਨੁੱਖ" ਨੂੰ ਪੰਜਾਬ ਯੂਨੀਵਰਸਿਟੀ ਨੇ ਪੰਜਾਬੀ ਦੀ ਸਭ ਤੋਂ ਉੱਚੀ ਸ੍ਰੇਣੀ (ਐਮ.ਏ. ਕਲਾਸ) ਦੇ ਵਿਦਿਆਰਥੀਆਂ ਲਈ ਪਰਵਾਨ ਕਰ ਲਿਆ। ਇਹ ਸਭ ਪੰਜਾਬੀ ਦੇ ਸ੍ਰੋਮਣੀ ਵਿਦਵਾਨਾਂ ਦੀ ਮਿਹਨਤ ਦਾ ਹੀ ਨਤੀਜਾ ਸੀ।

ਅੱਜ 80 ਵਰ੍ਹਿਆਂ ਬਾਅਦ, ਹੁਣ ਦੀ ਨੌਜਵਾਨ ਪੀੜ੍ਹੀ ਦੀ ਜਾਣਕਾਰੀ ਲਈ ਸ. ਗੁਰਬਖਸ਼ ਸਿੰਘ ਪ੍ਰੀਤਲੜੀ ਜੀ ਦੀ ਇਸ ਰਚਨਾ ਦੀ ਹੂਬਹੂ ਨਕਲ ਨੂੰ ਨਾਲ ਨੱਥੀ ਕੀਤਾ ਜਾ ਰਿਹਾ ਹੈ। ਇਹ ਇੱਕ ਮਹਾਨ ਰਚਨਾ ਹੈ। ਪਾਠਕ ਪਰਵਾਨ ਕਰਨ।

ਸ਼ੁਭਚਿੰਤਕ

ਸੰਪੂਰਨ ਸਿੰਘ

94179-24009

ਪਰਮ ਮਨੁੱਖ ਗੁਰੂ ਗੋਬਿੰਦ ਸਿੰਘ ਜੀ

ਗੁਰੂ ਗੋਬਿੰਦ ਸਿੰਘ ਜੀ ਦਾ ਜੀਵਨ-ਕਰਤੱਵ ਦੇਸ਼, ਕੌਮ ਤੇ ਧਰਮ ਦੇ ਸਾਰੇ ਪਹਿਲੂਆਂ ਨਾਲ ਇਸ ਤਰ੍ਹਾਂ ਸਬੰਧਤ ਹੈ, ਕਿ ਉਹਦਾ ਠੀਕ ਅਨੁਮਾਨ ਲਾਉਣਾ ਬੜੀ ਕਠਿਨ ਗੱਲ ਹੈ। ਐਸ ਵੇਲੇ ਤੱਕ ਦੋ ਹੀ ਚਿੱਤਰ ਗੁਰੂ ਸਾਹਿਬ ਦੇ ਮਿਲਦੇ ਹਨ: ਇੱਕ, ਪ੍ਰੇਮ ਦੇ ਅੱਧ-ਮੁੰਦੇ ਨੈਣਾਂ ਵਿਚੋਂ ਵੇਖ ਕੇ ਖਿਚਿਆ ਹੋਇਆ; ਦੂਜਾ, ਪੜਚੋਲ ਦੀਆਂ ਪਾਟੀਆਂ ਅੱਖੀਆਂ ਨਾਲ ਵੇਖ ਨੇ ਕਥਨ ਕੀਤਾ ਹੋਇਆ। ਪਹਿਲੇ ਦਾ ਦ੍ਰਿਸ਼ ਅਪੂਰਨ ਹੈ, ਦੂਜੇ ਵਿੱਚ ਜਾਨ ਕੋਈ ਨਹੀਂ। ਪਰ ਨਾ ਸ਼ਰਧਾਲੂ ਤੇ ਨਾ ਪੜਚੋਲੀ, ਕੇਵਲ ਕੋਈ ਅਸਚਰਜਤਾ ਭਰਪੂਰ ਪ੍ਰਸੰਨਤਾ ਨਾਲ ਮਨੁੱਖਤਾ ਦਾ ਵਿਕਾਸ ਵੇਖਣ ਵਾਲਾ ਮਨੁੱਖ ਹੀ ਹੀਰਿਆਂ ਦਾ ਜੌਹਰੀ ਬਣ ਸਕਦਾ ਹੈ।

ਗੁਰੂ ਗੋਬਿੰਦ ਸਿੰਘ ਸਾਹਿਬ ਵਿੱਚ ਇੱਕ ਵਿਸ਼ੇਸ਼ਤਾ ਹੈ, ਜਿਹੜੀ ਉਹਨਾਂ ਨੂੰ ਮਨੁੱਖਾਂ ਦਾ ਮਨੁੱਖ ਦਰਸਾਂਦੀ ਹੈ। ਦੁਨੀਆਂ ਦੇ ਮਹਾਤਮਾਵਾਂ ਵੱਲ ਮੈਂ

ਸਤਿਕਾਰ ਨਾਲ ਵੇਖਦਾ ਹਾਂ। ਉਹ ਮੈਨੂੰ ਜੀਵਨ ਦੀ ਸੰਧਿਆਂ ਦੀ ਸ਼ਾਂਤ, ਗੰਭੀਰ ਤੇ ਅੰਤਰ-ਧਿਆਨ ਮੂਰਤ ਦਿੱਸਦੇ ਹਨ, ਉਤਸ਼ਾਹ-ਹੀਣ ਪੂਰਨਤਾ ਦਾ ਅਡੋਲ ਦ੍ਰਿਸ਼ ਤੇ ਰੱਜੇ ਪੁੱਜੇ ਤਿਆਗ ਦਾ ਸਹਿਜ ਸਰੂਪ ਲੱਭਦੇ ਹਨ। ਪਰ ਗੁਰੂ ਗੋਬਿੰਦ ਸਿੰਘ ਜੀ ਦੇ ਜਵਾਨ ਮੁਖ ਉਤੇ ਊਸ਼ਾ ਦੀ ਲਾਲੀ ਹੈ, ਚੜ੍ਹਦੇ ਸੂਰਜ ਦੀਆਂ ਕਿਰਨਾਂ ਦੀ ਸੁਨਹਿਰੀ ਖੇਡ ਹੈ, ਕਿਸੇ ਪੂਰਨਤਾ ਦੀ ਤਾਂਘ ਉਛਾਲੇ ਲੈਂਦੀ ਹੈ, ਹਾਰ ਜਿਤ ਦੇ ਜਵਾਰਭਾਟੇ ਦੀਆਂ ਲਹਿਰਾਂ; ਹੁਨਰ, ਰਾਗ, ਕਾਵਿ, ਪ੍ਰੇਮ, ਖੇਡ ਤੇ ਜੋਬਨ ਦੀਆਂ ਠਾਠਾਂ ਹਨ। ਏਸ ਜੀਵਨ ਉਮਾਹ ਦੀ ਝਿਲਮਿਲ ਵਿਚੋਂ ਪਰਮ ਮਨੁੱਖ ਦੀ ਜੋਤ ਬਾਂਕੇ, ਮਧੁਰ, ਰਸ-ਮੱਤੇ ਨੈਣਾਂ ਦੇ ਜੋੜੇ ਵਿਚੋਂ ਗੁਲਾਮੀ ਤੇ ਭਰਮਾਂ ਵਿੱਚ ਜਕੜੇ ਭਾਰਤ ਉਤੇ ਮੁਸਕਰਾਂਦੀ ਦਿੱਸਦੀ ਹੈ। ਹੱਥਾਂ ਵਿਚਲੇ ਤੀਰ ਮਨੁੱਖ ਦੇ ਕਿਸੇ ਦੁਰਾਡੇ ਨਿਸ਼ਾਨੇ ਵਲ ਨੀਝ ਲੁਆਉਂਦੇ ਹਨ, ਤੇਜ਼ ਤਲਵਾਰ ਦੀ ਲਿਸ਼ਕ ਮੌਤ ਦੇ ਹਨੇਰੇ ਮੂੰਹ ਉੱਤੇ ਚਾਨਣ ਸੁੱਟ ਕੇ ਡਰ ਭਓ ਸਭ ਦੂਰ ਕਰ ਸਕਦੀ ਹੈ, ਉਤਾਵਲਾ ਬਾਜ਼ ਉਚੇਰੇ ਅਕਾਸ਼ਾਂ ਲਈ ਫੜਫੜਾ ਰਿਹਾ ਹੈ, ਬੀਰ ਰਸ ਬਾਣੀ ਦੀ ਕਲਾ ਐਉਂ ਚੜ੍ਹਦੀ ਹੈ ਕਿ ਪੈਰ ਭੌਂ ਤੋਂ ਉਖੜ ਜਾਂਦੇ ਹਨ - ਸੁਨੇਹੇ ਵਿੱਚ ਕੋਈ ਮਸਤਾਨੀ ਮਰਦਾਨਗੀ ਹੈ।

ਇਹ ਕੋਈ ਰੱਬ ਦਾ ਅਕਾਰ ਹੀਣ ਰੂਪ ਨਹੀਂ, ਇਹ ਮਨੁੱਖਤਾ ਦਾ ਲਹੂ-ਨਿਘਾ ਸਰੀਰ ਹੈ। ਇਹਦੇ ਵਿੱਚ ਬੱਚਿਆਂ ਲਈ ਪਿਆਰ ਹੈ, ਪਤਨੀ ਲਈ ਪ੍ਰੇਮ ਹੈ, ਮਾਤਾ ਲਈ ਸਤਿਕਾਰ ਹੈ, ਸਾਥੀਆਂ ਲਈ ਵਫ਼ਾ ਹੈ, ਮਨੁੱਖਤਾ ਲਈ ਦਰਦ ਹੈ, ਜੀਵਨ ਲਈ ਜੋਸ਼ ਹੈ, ਗੁਲਾਮੀ ਲਈ ਘਿਰਣਾ ਹੈ, ਜ਼ੁਲਮ ਲਈ ਤਲਵਾਰ ਹੈ, ਹੁਨਰ ਲਈ ਕਦਰ ਹੈ, ਰੂਪ ਲਈ ਰਸ ਹੈ, ਇਨਸਾਫ਼ ਲਈ ਕੁਰਬਾਨੀ ਹੈ।

ਮਹਾਤਮਾਵਾਂ ਦਾ ਰੂਪ ਭਾਵੇਂ ਕੁਝ ਵੀ ਹੁੰਦਾ ਹੋਵੇ, ਪਰ ਇਹ ਰੂਪ ਪੂਰਨ ਮਨੁੱਖ ਦਾ ਹੈ, ਜ਼ਿੰਦਗੀ ਦੀਆਂ ਔਕੜਾਂ ਉਤੇ ਘੋੜ੍ਹੇ ਚਾੜ੍ਹਨ ਵਾਲੇ ਗੁਰੂ ਗੋਬਿੰਦ ਸਿੰਘ ਜੀ ਦੀ ਸੁਹਣੀ ਮਨੁੱਖਤਾ ਦੇ ਨਕਸ਼ ਹਨ। ਪਰ ਅਸੀਂ ਉਹਨਾਂ ਦੀ ਕਦਰ ਨਹੀਂ ਪਾਈ। ਜਿਹੜਾ ਉਨ੍ਹਾਂ ਦਾ ਉਦੇਸ਼ ਸੀ, ਉਹ ਅਸਾਂ ਆਪਣਾ ਨਹੀਂ ਬਣਾਇਆ ਸਗੋਂ ਜਿਹੜੇ ਖ਼ਤਰਨਾਕ ਭੁਲੇਖੇ ਵਿਚੋਂ ਕੱਢਣ ਲਈ ਗੁਰੂ ਸਾਹਿਬ ਨੇ ਬੜੀ ਕਰੜੀ ਆਗਿਆ ਕੀਤੀ ਸੀ, ਕਿ ਉਨ੍ਹਾਂ ਦੇ ਅੰਗੀਠੇ ਉਤੇ ਕੋਈ ਦੁਆਰ ਨਾ ਬਣਾਇਆ ਜਾਵੇ, ਉਸ ਭੁਲੇਖੇ ਵਿੱਚ ਅਸੀਂ ਕੰਨਾਂ ਤੱਕ ਧਸ ਗਏ ਹਾਂ। ਗੁਰੂ ਸਾਹਿਬ ਦੇ ਖਿਆਲ ਪੂਜਾ ਪ੍ਰਸਤੀ ਦੇ ਬਾਰੇ ਬੜੇ ਨਿਰਣਾ-ਭਰਪੂਰ ਹਨ। ਜ਼ਾਤੀ ਪੂਜਾ-ਅਸਥਾਨ ਬਣਾਨ ਸਬੰਧੀ ਉਨ੍ਹਾਂ ਆਖਿਆ ਕਿ ਜੋ ਕੋਈ ਸਾਡੇ ਅੰਗੀਠੇ ਉੱਤੇ ਯਾਦਗਾਰ ਉਸਾਰੇਗਾ, ਉਹਦਾ ਸਰਬੰਸ ਨਾਸ ਹੋ ਜਾਏਗਾ; ਤੇ ਆਤਮ ਪ੍ਰਸਤੀ ਦੀ ਬਾਬਤ ਆਖਿਆ ਕਿ ਜੋ ਕੋਈ ਸਾਨੂੰ ਅਕਾਲ-ਪੁਰਖ ਨਾਲ ਤੁਲਨਾ ਦੇਵੇਗਾ, ਉਹ ਨਰਕ ਕੁੰਡ ਵਿੱਚ ਜਾਏਗਾ। ਏਡੇ ਜ਼ੋਰਦਾਰ ਸ਼ਬਦਾਂ ਵਿਚ ਘਟ ਹੀ ਕਿਸੇ ਨੇ ਆਪਣੇ ਸੇਵਕਾਂ ਨੂੰ ਤਾੜਨਾ ਕੀਤੀ ਹੋਵੇਗੀ।

ਪਰ ਅਸੀਂ ਉਹਨਾਂ ਦੀ ਇੱਕ ਸਿਖਿਆ ਨੂੰ ਅੱਖੋਂ ਓਹਲੇ ਕਰ ਦਿੱਤਾ ਹੈ। ਹਜ਼ੂਰ ਸਾਹਿਬ ਦੇ ਦਰਸ਼ਨ ਇਸ ਗਲ ਦੀ ਗਵਾਹੀ ਦੇਂਦੇ ਹਨ। ਅਜ ਹਜ਼ੂਰ ਸਾਹਿਬ ਵਿੱਚ ਗੁਰੂ ਸਾਹਿਬ ਨੂੰ ਇੱਕ ਵੇਲੇ ਭੰਗ ਦਾ ਭੋਗ ਲੁਆਇਆ ਜਾਂਦਾ, ਦੂਜੇ ਵੇਲੇ ਮੇਵੇ ਬਦਾਮਾਂ ਦੇ ਕੜਾਹ ਪ੍ਰਸ਼ਾਦ ਦਾ, ਤੇ ਤੀਜੇ ਵੇਲੇ ਪੂਰੀਆਂ ਕਚੌਰੀਆਂ ਦਾ। ਨਿਤਾਪ੍ਰਸਤੀ ਸੌਣ ਵਾਲੇ ਵਸਤਰ ਰਾਤੀਂ ਖੋਲ੍ਹੇ ਜਾਂਦੇ ਤੇ ਦਿਨੇ ਸ਼ਰਧਾਲੂ ਸੰਗਤਾਂ ਦੇ ਰੂਬਰੂ ਤਹਿ ਕੀਤੇ ਜਾਂਦੇ ਹਨ, ਰੋਜ਼ ਸ਼ਸ਼ਤਰਾਂ ਨੂੰ ਅਸ਼ਨਾਨ ਕਰਾਇਆ ਜਾਂਦਾ ਹੈ, ਤੇ ਸਵੇਰੇ ਪੁਜਾਰੀ ਸਾਹਿਬ ਗੁਰੂ ਸਾਹਿਬ ਦੇ ਆਰਾਮ-ਕਮਰੇ ਦੇ ਭਿੱਤ ਖੋਲ੍ਹਦੇ ਹਨ, ਦਰਸ਼ਕ ਹਥ ਜੋੜ ਤੇ ਧੌਣਾਂ ਲੰਮੀਆਂ ਕਰ ਕੇ, ਏਸ ਆਸ ਨਾਲ ਅੰਦਰ ਝਾਕਦੇ ਹਨ ਕਿ ਕਿਸੇ ਭਾਗਾਂ ਵਾਲੇ ਨੂੰ ਉਸ ਕਮਰੇ ਵਿੱਚੋਂ ਗੁਰੂ ਸਾਹਿਬ ਦੇ ਦਰਸ਼ਨ ਹੋ ਜਾਣਗੇ। ਏਸ ਸੱਚਖੰਡ ਵਿੱਚ ਸਾਰੀ ਦੀ ਸਾਰੀ ਕਾਰਵਾਈ ਠਾਕਰ-ਪੂਜਾ ਨਾਲੋਂ ਵੀ ਵਡੇਰਾ ਅਡੰਬਰ ਹੈ। ਭੰਗ ਦਾ ਭੋਗ ਲੱਗਦਾ ਹੈ, ਆਰਤੀ ਹੁੰਦੀ ਹੈ। ਸੰਖ ਵੱਜਦੇ ਹਨ, ਸਭ ਕੁਝ ਗੁਰੂ ਗੋਬਿੰਦ ਸਿੰਘ ਜੀ ਦੇ ਆਸ਼ੇ ਦੇ ਵਿਰੁੱਧ।

ਇਹ ਬੜੀ ਸ਼ੋਕ-ਭਰੀ ਅਵਸਥਾ ਹੈ ਕਿ ਜਿਹੜੀਆਂ ਦੋ ਬਲਾਵਾਂ ਕੋਲੋਂ ਆਪਣੇ ਦੇਸ਼-ਭਰਾਵਾਂ ਨੂੰ ਸੁਤੰਤਰ ਕਰਾਣ ਲਈ ਗੁਰੂ ਸਾਹਿਬ ਨੇ ਸਾਰਾ ਸਰਬੰਸ, ਸਾਰੀਆਂ ਖੁਸ਼ੀਆਂ ਤੇ ਆਪਣਾ ਆਪ ਵਾਰ ਦਿੱਤਾ ਸੀ, ਉਹਨਾਂ ਬਲਾਵਾਂ ਨਾਲ ਉਨ੍ਹਾਂ ਦਾ ਦੇਸ਼ ਤੇ ਉਨ੍ਹਾਂ ਦੇ

"ਸਿੱਖ", ਡਾਢੇ ਘਿਓ-ਖਿਚੜੀ ਵਿਖਾਈ ਦੇਂਦੇ ਹਨ, ਤੇ ਆਪਣੇ ਹਰ ਕੰਮ ਲਈ ਗੁਰੂ ਸਾਹਿਬ ਦੀ ਓਟ ਲੈਂਦੇ ਹਨ। ਗੁਰੂ ਸਾਹਿਬ ਦਾ ਸਾਰਾ ਜੀਵਨ ਰਸਮੀ ਆਤਮਾ-ਰਹਿਤ ਧਰਮ ਤੇ ਰਾਜਸੀ ਗੁਲਾਮੀ ਦੇ ਵਿਰੁੱਧ ਇੱਕ ਜੇਹਾਦ ਸੀ। ਪਰ ਅੱਜ ਨਾ ਗੁਲਾਮੀ ਸਾਨੂੰ ਚੁੱਭਦੀ ਹੈ, ਨਾ ਰਸਮੀ ਧਰਮ ਸਾਨੂੰ ਨਿਰਾਸ ਕਰਦਾ ਹੈ। ਐਨ ਉਹੀ ਕੁਝ ਧਰਮ ਹੈ ਜਿਦ੍ਹਾ ਖੰਡਣ ਗੁਰੂ ਸਾਹਿਬ ਨੇ ਕੀਤਾ ਸੀ।

ਗੁਰੂ ਸਾਹਿਬ ਦਾ ਮਿਸ਼ਨ, ਜੀਕਰ ਮੈਂ ਵੇਖਦਾ ਹਾਂ, ਕੋਈ ਵੱਖਰਾ ਮਜ਼੍ਹਬ ਚਲਾਣਾ ਨਹੀਂ ਸੀ, ਸਗੋਂ ਖਾਲਸਾ ਸੇਵਕਾਂ ਦੀ ਇੱਕ ਮੁਕਤੀ-ਫੌਜ ਜੋੜਨਾ ਸੀ, ਜਿਹੜੀ ਇਨਸਾਫ਼ ਦੀ ਰਾਖੀ ਤੇ ਲੋੜਵੰਦਾਂ ਦੀਆਂ ਔਕੜਾਂ ਦੂਰ ਕਰ ਸਕਦੀ। ਗੁਰੂ ਸਾਹਿਬ ਨੂੰ ਮੁਲਕਗੀਰੀ ਦੀ ਹਵਸ ਨਹੀਂ ਸੀ, ਉਨ੍ਹਾਂ ਦਾ ਨਿਸ਼ਾਨਾ ਇੱਕ ਖਾਲਸਾ ਫੌਜ ਸੀ, ਜਿਹੜੀ ਆਪਣੇ ਹੱਕ ਛੱਡ ਕੇ ਸਿਰਫ਼ ਦੂਜਿਆਂ ਦੇ ਹੱਕਾਂ ਦੀ ਰਖਵਾਲੀ ਕਰ ਸਕੇ। ਨਵਾਂ ਮਜ਼੍ਹਬ ਚਲਾ ਲੈਣਾ ਨਾ ਓਦੋਂ ਕਠਨ ਸੀ ਤੇ ਨਾ ਹੁਣ ਹੀ ਹੈ। ਸਾਧਾਰਣ ਨਾਲੋਂ ਵਧੇਰੀ ਚਤੁਰਾਈ ਦਾ ਮਾਲਕ ਆਦਮੀ ਜਦੋਂ ਚਾਹੇ ਨਵਾਂ ਮਜ਼੍ਹਬ ਤੋਰ ਸਕਦਾ ਹੈ। ਪਰ ਔਖੀ ਗੱਲ ਉਹ ਸੀ ਜਿਹੜੀ ਗੁਰੂ ਗੋਬਿੰਦ ਸਿੰਘ ਜੀ ਨੇ ਕੀਤੀ। ਮੁਰਦੇ ਦਿਲਾਂ ਵਿੱਚ ਜ਼ਿੰਦਗੀ ਦੀ ਰੂਹ ਫੂਕ ਦਿੱਤੀ; ਚਿੜੀਆਂ ਨੂੰ ਬਾਜ਼ਾਂ ਦੇ ਟਾਕਰੇ ਦੀ ਸਮਰਥਾ ਦਿੱਤੀ; ਸਿਜਦੇ ਡੰਡੋਤਾਂ ਵਿੱਚ ਮੱਥੇ ਰਗੜਨ ਵਾਲਿਆਂ ਨੂੰ ਧੌਣਾਂ ਚੁੱਕ ਕੇ ਤੁਰਨ ਦਾ ਹੌਂਸਲਾ ਦਿੱਤਾ; ਜ਼ਿੰਦਗੀ ਕੋਲੋਂ ਤਰਾਹ ਤਰਾਹ ਕਰਦਿਆਂ ਨੂੰ ਛਾਤੀ ਕੱਢ ਕੇ ਮਰਨ ਦਾ ਜਿਗਰਾ ਦਿੱਤਾ, ਨਾਈਆਂ, ਛੀਂਬਿਆਂ, ਝੀਊਰਾਂ ਨੂੰ ਰਾਜਿਆਂ ਨਵਾਬਾਂ ਨਾਲ ਬਰਾਬਰ ਕੀਤਾ।

ਸਮੇਂ ਦੀ ਦੂਰਬੀਨ ਵਿਚੋਂ ਵੇਖਿਆਂ, ਇਹ ਤਬਦੀਲੀਆਂ ਸਾਨੂੰ ਅੱਜ ਵੀ ਹੈਰਾਨ ਕਰ ਦੇਂਦੀਆਂ ਹਨ। ਅੱਜ ਵੀ ਅਸੀਂ ਜਾਤ ਪਾਤ ਦਾ ਭੂਤ ਨਹੀਂ ਉਤਾਰ ਸਕੇ, ਕਾਰ ਕਰਨ ਵਾਲੇ ਭਰਾਵਾਂ ਨੂੰ ਕਮੀਣ ਕਾਂਦੂ ਆਖ ਕੇ ਨਾਲ ਨਹੀਂ ਰਲਾਂਦੇ, ਪਰ ਢਾਈ ਸੌ ਵਰ੍ਹੇ ਪਹਿਲੋਂ ਵਹਿਮਾਂ ਦੀ ਪੂਰੀ ਹਕੂਮਤ ਹੇਠਾਂ ਗੁਰੂ ਸਾਹਿਬ ਨੇ ਬ੍ਰਾਹਮਣ ਤੇ ਚਮਾਰ ਨੂੰ ਇੱਕ ਬਾਟੇ ਵਿੱਚੋਂ ਅੰਮ੍ਰਿਤ ਛਕਾ ਦਿੱਤਾ। ਅੱਜ ਅਯੋਗ ਧੱਕਾ ਕਰਨ ਵਾਲੇ ਇੱਕਲੇ ਸਿਪਾਹੀ ਨਾਲ ਦੱਸ ਵੀਹ ਆਦਮੀ ਮੱਥਾ ਲਾਣੋ ਘਬਰਾਂਦੇ ਹਨ, ਪਰ ਇੱਕਲੇ ਗੁਰੂ ਗੋਬਿੰਦ ਸਿੰਘ ਜੀ ਨੇ ਔਰੰਗਜੇਬ ਵਰਗੇ ਸ਼ਹਿਨਸ਼ਾਹ ਦੇ ਮੱਥੇ ਪੀੜ ਪਾ ਦਿੱਤੀ। ਅੱਜ ਅਸੀਂ ਮਾਮੂਲੀ ਜਿਹੇ ਹਾਕਮ ਦੀ ਪੜਚਲ ਕਰਨੋਂ ਕਤਰਾਂਦੇ ਹਾਂ, ਗੁਰੂ ਸਾਹਿਬ ਨੇ ਆਲਮਗੀਰ ਹੁਕਮਰਾਨ ਦੇ ਔਗੁਣ, ਨਿਡਰ ਵਿਸਥਾਰ ਨਾਲ ਆਪਣੇ 'ਜਫਰਨਾਮੇ' ਵਿੱਚ ਲਿਖ ਕੇ, ਉਹਨੂੰ ਘੱਲੇ ਸਨ। ਗੁਰੂ ਗੋਬਿੰਦ ਸਿੰਘ ਜੀ ਨੇ ਇੱਕ ਸੂਬੇ ਦੇ ਅਛੂਤਾਂ ਦਾ ਪੰਥ ਜੋੜ ਕੇ ਹੇਠਲੀ ਉਪਰ ਕਰ ਦਿੱਤੀ, ਬਾਦਸ਼ਾਹਤ ਢਾਹ ਮਾਰੀ, ਜਿਨ੍ਹਾਂ ਨਾਲ ਕੋਈ ਛੂੰਹਦਾ ਨਹੀਂ ਸੀ ਉਹਨਾਂ ਨੂੰ ਰਾਜ-ਗੱਦੀ ਉੱਤੇ ਬਿਠਾ ਦਿੱਤਾ। ਇਹ ਅਸਲੀ ਕਰਾਮਾਤ ਹੈ।

ਭਗਤੀ-ਭਜਨ ਦੀ ਜਾਂਚ ਅਗੇ ਹੀ ਹਿੰਦੁਸਤਾਨ ਨੂੰ ਆਉਂਦੀ ਸੀ, ਬੜੇ ਵੇਦ ਗ੍ਰੰਥ ਵੀ ਮੌਜੂਦ ਸਨ, ਸਿਰਫ਼ ਜੀਊਣ ਦੀ ਜਾਂਚ ਭੁੱਲ ਗਈ ਸੀ, ਉਹ ਗੁਰੂ ਸਾਹਿਬ ਨੇ ਆਪਣਾ ਲਹੂ ਪਾ ਕੇ ਸਿਖਾਈ। ਇਹ ਕੰਮ ਕੋਈ ਸਰਬ-ਸਾਂਝੇ ਦਿਲ ਨਾਲ ਇੱਕ ਸੁਰ ਹੋਈ ਆਤਮਾ ਹੀ ਕਰ ਸਕਦੀ ਹੈ। ਏਸ ਇਕਸੁਰਤਾ ਦੇ ਚਿੰਨ੍ਹ ਸ਼ੁਰੂ ਤੋਂ ਹੀ ਗੁਰੂ ਸਾਹਿਬ ਵਿੱਚ ਵੇਖੇ ਜਾਂਦੇ ਸਨ।

ਗੁਰੂ ਸਾਹਿਬ ਦਾ ਜਨਮ ਪਟਨੇ ਵਿੱਚ ਹੋਇਆ, ਜਦੋਂ ਉਨ੍ਹਾਂ ਦੇ ਪਿਤਾ ਗੁਰੂ ਤੇਗ ਬਹਾਦਰ ਜੀ ਆਸਾਮ ਵੱਲ ਨੂੰ ਗਏ ਹੋਏ ਸਨ। ਗੁਰੂ ਤੇਗ ਬਹਾਦਰ ਜੀ ਤਾਂ ਅਸਾਮੋਂ ਹੋ ਕੇ ਪੰਜਾਬ ਚੱਲੇ ਗਏ, ਪਰ ਗੁਰੂ ਜੀ ਦਾ ਅੱਧਾ ਬਚਪਨ ਏਥੇ ਹੀ ਬੀਤਿਆ। ਧਰਮਾਤਮਾ ਪੁਰਸ਼ਾਂ ਸਬੰਧੀ ਪ੍ਰਸਿੱਧ ਹੈ ਕਿ ਉਹ ਬਚਪਨ ਵਿੱਚ ਹੀ ਗੰਭੀਰ ਤੇ ਅਤੀਤ ਵਿਖਾਈ ਦੇਂਦੇ ਹਨ, ਖੇਡ ਵਿੱਚ ਮਨ ਨਹੀਂ ਲਾਉਂਦੇ ਤੇ ਇੱਕਲਿਆਂ ਲਿਵ ਲਾਈ ਰੱਖਦੇ ਹਨ। ਪਰ ਗੁਰੂ ਗੋਬਿੰਦ ਸਿੰਘ ਜੀ ਦਾ ਬਚਪਨ ਤਾਂ ਇੱਕ ਖੇੜਾ ਸੀ, ਇੱਕ ਲਹਿਰ ਸੀ, ਕੰਢਿਆਂ ਤਾਈਂ ਵਹਿੰਦੀ ਨਦੀ ਦਾ ਉਛਾਲ ਸੀ।

ਸਾਥੀਆਂ ਦੀਆਂ ਢਾਣੀਆਂ ਬਣਾਨੀਆਂ, ਅਗਵਾਈ ਕਰਨੀ, ਰਲ ਮਿਲ ਕੇ ਧਾਵੇ ਬੋਲਣੇ, ਜਮਨਾ ਕੰਢੇ ਬੈਠੇ ਬ੍ਰਾਹਮਣਾਂ ਦੇ ਲੋਟੇ ਗੜਵੀਆਂ ਡੋਲ੍ਹ ਆਉਣੇ, ਰਾਣੀਆਂ ਸੇਠਾਣੀਆਂ ਦੀਆਂ ਗੋਦੀਆਂ ਵਿੱਚ ਖੇਡ ਆਉਣਾ, ਲੰਘਦੇ ਜਾਂਦੇ ਰਾਜ-ਅਧਿਕਾਰੀਆਂ ਦੇ ਸਨਮੁੱਖ ਮਰਦਾਂ ਵਾਂਗ ਖਲੋ ਕੇ ਝਾਕਣਾ, ਸਾਥੀਆਂ ਦਾ ਮੋਹਿਨ ਹੋਣਾ। ਅਥੱਕ, ਬੇ-ਪ੍ਰਵਾਹ ਤੇ ਪ੍ਰਸੰਨ ਖੇਡਣ ਵਾਲੇ ਬੱਚੇ ਆਮ ਕਰਕੇ ਉਸ ਫੁੱਲ ਦੀ ਨਿਆਈਂ ਹੁੰਦੇ ਹਨ, ਜਿਸਦੇ

ਵਿੱਚ ਰਸ ਭਰੇ ਫਲ ਦਾ ਇਕਰਾਰ ਹੁੰਦਾ ਹੈ।

ਗੁਰੂ ਸਾਹਿਬ ਨੇ ਇਹ ਇਕਰਾਰ ਲੋਕਾਂ ਦੀ ਉੱਚੀ ਉਮੈਦ ਨਾਲੋਂ ਵੀ ਚੰਗੇਰਾ ਪੂਰਾ ਕੀਤਾ। ਬੀਰ ਜੋਧਾ, ਨੀਤੀ-ਨਿਪੁੰਨ, ਹੁਨਰਮੰਦ, ਕਵੀ, ਰਾਗੀ, ਪ੍ਰੇਮ-ਪੁੰਜ, ਭਗਤ ਤੇ ਰਸਿਕ ਭਾਵਨਾ ਵਾਲਾ ਪਾਤਸ਼ਾਹ ਗੁਰੂ ਬਣਿਆ। ਚਾਲ੍ਹੀ ਵਰ੍ਹਿਆਂ ਦੀ ਸੰਖੇਪ ਆਯੂ ਵਿੱਚ ਕਈ ਉਮਰਾਂ ਦਾ ਕੰਮ ਕਰ ਮੁਕਾਇਆ।

ਧਰਮ-ਗੁੰਝਲ ਦੇ ਪਰਚੇ ਖੋਲ੍ਹੇ। ਭਰਮ-ਗੰਢਾਂ ਇੱਕ ਵੱਢੋਂ ਕਤਰ ਕੇ ਪਰ੍ਹਾਂ ਸੁੱਟੀਆਂ। ਨਾ ਰਸਮ ਛੱਡੀ, ਨਾ ਜ਼ਾਤ ਰਹਿਣ ਦਿੱਤੀ; ਨਾ ਦੇਵੀਆਂ, ਦੇਵਤਿਆਂ, ਅਵਤਾਰਾਂ ਦੀ ਹਕੂਮਤ ਰੱਖੀ। ਐਡਾ ਵੱਡਾ ਭਾਰ ਜਦੋਂ ਮਨੁੱਖ ਦੀ ਬੁੱਧੀ ਤੋਂ ਲਹਿ ਗਿਆ, ਤਾਂ ਜ਼ਰੂਰੀ ਸੀ ਕਿ ਤੇਜ ਦਾ ਪ੍ਰਕਾਸ਼ ਹੁੰਦਾ, ਦਲੇਰੀ ਜਾਗਦੀ, ਬਹਾਦਰੀ ਤੜਪ ਉੱਠਦੀ। ਗੁਰੂ ਸਾਹਿਬ ਨੇ ਇਸ ਬੀਰਤਾ ਨੂੰ ਜਥੇਬੰਦ ਕੀਤਾ ਤੇ ਸੁਤੰਤਰਤਾ ਦੇ ਉੱਡਦੇ ਘੋੜੇ ਨੂੰ ਪ੍ਰੇਮ ਤੇ ਇਨਸਾਫ਼ ਦੀਆਂ ਲਗਾਮਾਂ ਪਾ ਦਿੱਤੀਆ।

ਧਰਮ-ਦੁਆਰੇ ਵਿੱਚ ਆਮ ਕਰਕੇ ਸੱਚਾਈ ਪ੍ਰਧਾਨ ਹੁੰਦੀ ਹੈ, ਪਰ ਰਣ-ਅਖਾੜਿਆਂ ਵਿੱਚ ਸੱਚਾਈ ਬਹੁਤ ਵਾਰੀ ਪਿਛਲੀਆਂ ਕਤਾਰਾਂ ਵਿੱਚ ਖੜੀ ਕੀਤੀ ਜਾਂਦੀ ਹੈ। ਇਹ ਵਡਿੱਤਣ ਗੁਰੂ ਸਾਹਿਬ ਦੇ ਹੀ ਹਿੱਸੇ ਆਈ ਕਿ ਉਨ੍ਹਾਂ ਨੇ ਔਖੇ ਔਖੇ ਜੰਗ ਲੜੇ ਹਨ, ਉਨ੍ਹਾਂ ਨੂੰ ਕਈ ਭਾਜੜਾਂ ਵੀ ਪਈਆਂ ਹਨ, ਨਿਰਾਸਤਾ ਵੀ ਹੋਈ ਹੈ, ਪਰ ਕਿਤੇ ਇਹ ਨਹੀਂ ਆਖਿਆ ਗਿਆ ਕਿ ਉਨ੍ਹਾਂ ਦੁਸ਼ਮਣ ਨੂੰ ਧੋਖਾ ਦਿੱਤਾ ਹੋਵੇ, ਕੋਈ ਫਰੇਬ ਰਵਾ ਰੱਖਿਆ ਹੋਵੇ, ਕਿਸੇ ਚਲਾਕੀ ਨਾਲ ਫਾਇਦਾ ਉਠਾਇਆ ਹੋਵੇ। ਗੁਰੂ ਸਾਹਿਬ ਨੇ ਰਣ-ਭੂਮੀਓਂ ਬਾਹਰ ਕਿਸੇ ਉੱਤੇ ਵਾਰ ਨਹੀਂ ਕੀਤਾ, ਕਦੇ ਸੱਚਾਈ ਦਾ ਤਿਆਗ ਨਹੀਂ ਕੀਤਾ, ਦੁਸ਼ਮਣ ਨਾਲ ਕਠੋਰਤਾ ਨਹੀਂ ਕੀਤੀ, ਸਗੋਂ ਉਨ੍ਹਾਂ ਦਾ ਸੇਵਕ 'ਕਨ੍ਹਈਆ' ਸੱਜਣ ਤੇ ਦੁਸ਼ਮਣ ਦੋਹਾਂ ਨੂੰ ਬੇਵਿਤਕਰਾ ਪਾਣੀ ਪਿਲਾਂਦਾ ਰਿਹਾ ਹੈ ਤੇ ਜਦ ਸਿੱਖਾਂ ਨੇ ਏਸ ਵਤੀਰੇ ਦਾ ਗੁਰੂ ਸਾਹਿਬ ਅਗੇ ਗਿਲਾ ਕੀਤਾ, ਤੇ ਉਨ੍ਹਾਂ ਆਪਣੇ ਕੋਲੋਂ ਕਨ੍ਹਈਆ ਜੀ ਨੂੰ ਮਲ੍ਹਮ ਦੀ ਡੱਬੀ ਦੇ ਕੇ ਆਖਿਆ ਕਿ ਅੱਗੋਂ ਜੇ ਲੋੜ ਪਵੇ ਤਾਂ ਦੁਸ਼ਮਣਾਂ ਦੇ ਫੱਟਾਂ ਉਤੇ ਮਲ੍ਹਮ ਵੀ ਲਾ ਦਿਆ ਕਰੇ। ਉਨ੍ਹਾਂ ਦੁਸ਼ਮਣ ਦੀਆਂ ਇਸਤ੍ਰੀਆਂ ਦਾ ਸਤਿਕਾਰ ਕੀਤਾ। ਇਨ੍ਹਾਂ ਸਿਫ਼ਤਾਂ ਕਰਕੇ ਹੀ ਉਨ੍ਹਾਂ ਆਪਣੇ ਲਸ਼ਕਰ ਨੂੰ "ਖਾਲਸਾ" ਦਾ ਨਾਮ ਦਿੱਤਾ। ਜਿਸ ਤਰ੍ਹਾਂ ਭਗਵਾ ਪਹਿਨ ਕੇ ਸਾਧੂ ਲਾਲਚ ਕਰਦਾ ਸ਼ੋਭਦਾ ਨਹੀਂ, ਉਸੇ ਤਰ੍ਹਾਂ 'ਖਾਲਸਾ' ਅਖਵਾ ਕੇ, ਸਿੱਖ ਜ਼ੋਰ, ਧੱਕਾ ਜਾਂ ਨਿੰਦਿਆ ਕਰਦਾ ਫੱਬਦਾ ਨਹੀਂ। ਅੱਜ ਸਾਡਾ ਨਾਂ 'ਖਾਲਸਾ' ਹੈ, ਪਰ ਓਦੋਂ ਸਾਡੀ ਸਿਫ਼ਤ 'ਖਾਲਸਾ' ਸੀ।

ਏਸ ਜਥੇਬੰਦੀ ਦੀ ਨੀਂਹ ਉਨ੍ਹਾਂ ਸਮਾਨਤਾ ਉੱਤੇ ਰੱਖੀ। ਇਸਤ੍ਰੀਆਂ ਨੂੰ ਸਮਾਨ ਹੱਕ ਦਿੱਤੇ, ਤੇ ਉਹਨਾਂ ਨੂੰ ਭਾਈਚਾਰਕ ਜੀਵਨ ਦਾ ਅੰਗ ਬਣਾ ਕੇ ਕੌਮੀ ਜੀਵਨ ਨੂੰ ਅਮੀਰ ਬਣਾਇਆ। ਮੈਂ ਗੁਰੂ ਸਾਹਿਬ ਦੇ ਜਾਦੂ-ਅਸਰ ਉਛੇ ਅਸ਼ ਅਸ਼ ਕਰਦਾ ਹਾਂ, ਜਦੋਂ ਸੋਚਦਾ ਹਾਂ ਕਿ ਉਨ੍ਹਾਂ ਨੇ ਇਕਦਮ ਵਲਗਣਾਂ ਵਿਚੋਂ ਕੱਢ ਕੇ ਤੇ ਮੁੱਖ ਨੰਗਾ ਕਰ ਕੇ ਦਾਸੀ ਨੂੰ ਸਰਦਾਰਨੀ ਬਣਾ ਦਿੱਤਾ। ਗੁਰੂ ਸਾਹਿਬ ਦੇ ਜੰਗ ਵਿੱਚ, ਹੋਰ ਹਰ ਤਰ੍ਹਾਂ ਦੇ ਬਹਾਦਰ ਕੰਮਾਂ ਦੇ ਛੁੱਟ ਇਸਤ੍ਰੀਆਂ ਤਲਵਾਰ ਫੜ ਕੇ ਮਰਦੀਆਂ ਤੇ ਮਾਰਦੀਆਂ ਵੇਖੀਆਂ ਗਈਆਂ ਹਨ। ਮਾਈ ਭਾਗੋ ਦਾ ਨਾਂ ਉੱਘਾ ਹੈ। ਬੀਬੀ ਦੀਪ ਕੌਰ ਨੇ, ਕਿਹਾ ਜਾਂਦਾ ਹੈ, ਚਾਰ ਦੁਸ਼ਮਣਾਂ ਨੂੰ ਘਾਇਲ ਕਰ ਦਿੱਤਾ ਸੀ। ਇਹ ਬੀਬੀ ਜੱਥੇ ਨਾਲੋਂ ਅਗਾਂਹ-ਪਿਛਾਂਹ ਹੋ ਗਈ। ਚੌਂਹ ਦੁਸ਼ਮਣਾਂ ਨੇ ਘੇਰ ਲਿਆ। ਘੇਰਨ ਵਾਲੇ ਕਾਮਨਾ ਅਧੀਨ ਹੋ ਗਏ। ਬੀਬੀ ਨੇ ਮੌਕਾ ਦੇਖ ਕੇ ਤਲਵਾਰ ਧੂ ਲਈ, ਚਾਰ ਭੁੰਜੇ ਸੁੱਟ ਪਾਏ।

ਇਸਤ੍ਰੀਆਂ ਸਬੰਧੀ ਉਸ ਵੇਲੇ ਦੇ ਪ੍ਰਚਲਤ ਖਿਆਲ ਦਾ ਅਨੁਮਾਨ ਏਥੋਂ ਲੱਗ ਸਕਦਾ ਹੈ, ਕਿ ਬੀਬੀ ਦੀ ਬੀਰਤਾ ਦੀ ਸਲਾਹੁਤਾ ਕਰਨ ਦੀ ਥਾਂ ਮਰਦਾਂ ਨੇ ਗੁਰੂ ਸਾਹਿਬ ਅੱਗੇ ਸਗੋਂ ਸ਼ਿਕਾਇਤ ਕੀਤੀ ਕਿ ਦੀਪ ਕੌਰ ਗੈਰ-ਮਜ਼੍ਹਬ ਮਨੁੱਖ ਦੇ ਸਰੀਰ ਨਾਲ ਛੂਹਣ ਕਰਕੇ ਅਪਵਿੱਤਰ ਹੋ ਗਈ ਹੈ। ਕਦਰਦਾਨ ਗੁਰੂ ਨੇ ਬੀਬੀ ਨੂੰ ਥਾਪੜੀ ਦਿੱਤੀ, ਤੇ ਬੜੀ ਪ੍ਰਸੰਸ਼ਾ ਕੀਤੀ, ਤੇ ਮਰਦਾਂ ਦੀ ਤੰਗ-ਦਿੱਲੀ ਉੱਤੇ ਚਾਨਣ ਪਾਇਆ।

ਇਹ ਕੇਡੀ ਵੱਡੀ ਗੱਲ ਹੈ, ਇਸ ਦਾ ਅੰਦਾਜ਼ਾ ਏਥੋਂ ਲੱਗ ਸਕਦਾ ਹੈ ਕਿ ਸੈਂਕੜੇ ਵਰ੍ਹਿਆਂ ਮਗਰੋਂ ਵੀ ਅੱਜ ਅਸੀਂ ਆਪਣੀਆਂ ਸਾਥਣਾਂ ਵਿਚ ਕੋਈ ਜੀਵਨ-ਚੰਗਿਆੜੀ ਨਹੀਂ ਭਖ਼ਾ ਸਕੇ, ਜਿਥੇ ਗੁਰੂ ਸਾਹਿਬ ਨੇ ਸੁਅਲੇ ਕੱਢਵਾ ਦਿੱਤੇ ਸਨ।

ਸਮਾਜਕ ਜੀਵਨ ਦੀ ਪੂਰਨਤਾ ਦਾ ਨਾਂ ਧਾਰਮਿਕ

ਜੀਵਨ ਹੈ। ਉਸ ਵੇਲੇ ਦੇ ਵਿਚਾਰਵਾਨਾਂ ਨੇ ਧਰਮ ਨੂੰ ਜੀਵਨ ਨਾਲੋਂ ਵੱਖ ਕਰ ਦਿੱਤਾ ਸੀ। ਪਰ ਵੱਡੇ ਤੋਂ ਵੱਡਾ ਟਾਹਣ ਵੀ ਬ੍ਰਿਛ ਨਾਲੋਂ ਅੱਡ ਹੋ ਕੇ ਹਰਾ ਨਹੀਂ ਰਹਿ ਸਕਦਾ। ਗੁਰੂ ਸਾਹਿਬ ਨੇ ਧਰਮ-ਟਾਹਣ ਨੂੰ ਮੁੜ ਜੀਵਨ-ਬ੍ਰਿਛ ਨਾਲ ਪਿਉਂਦ ਕਰ ਕੇ ਹਰਾ ਭਰਾ ਕਰ ਦਿੱਤਾ। ਸੁੱਕੇ ਪੱਤਰ, ਟਾਹਣੀਆਂ ਨਾਲੋਂ ਝੰਬ ਸੁੱਟੇ। ਇਹ ਸੁੱਕੀ ਟਾਹਣੀ ਮਸੰਦ ਸਨ। ਗੁਰੂ ਸਾਹਿਬ ਨੇ ਇਹ ਭੰਨ ਕੇ ਉਸ ਖੂਹ ਪਾਈ ਜਿਦ੍ਹੀ ਉਹ ਹੱਕਦਾਰ ਸੀ।

ਇਹਨਾਂ ਮਸੰਦਾਂ ਦਾ ਸੁਭਾ ਓਦੋਂ ਵੀ ਇਹੀ ਸੀ ਜੋ ਅੱਜ ਹੈ। ਕੋਈ ਮਰੇ ਭਾਵੇਂ ਕੋਈ ਜੀਵੇ, ਇਨ੍ਹਾਂ ਦੇ ਪਤਾਸੇ ਜ਼ਰੂਰੀ ਹਨ। ਆਪਣਾ ਤਨ ਢੱਕਣ ਨੂੰ ਕੁਝ ਲੱਭੇ ਭਾਵੇਂ ਨਾ ਲੱਭੇ, ਮਸੰਦਾਂ ਦੇ ਚਾਦਰੇ ਦਸਤਾਰੇ ਲਈ ਘਰ ਕੁੱਲਾ ਗਹਿਣੇ ਪਾਣਾ ਪੈਂਦਾ ਸੀ। ਜਨਤਾ ਦੁਖੀ ਸੀ ਪਰ ਮਸੰਦ-ਸੁਆਣੀਆਂ ਦੀ ਬਾਹੀਂ ਚੂੜੇ ਛਣਕਦੇ ਸਨ। ਗੁਰੂ ਸਾਹਿਬ ਨੇ ਉਹ ਨਿਕੰਮੀਆਂ ਬਾਹਾਂ ਨੰਗੀਆਂ ਕਰ ਦਿੱਤੀਆਂ।

ਇੱਕ ਹੋਰ ਵੱਡਾ ਵਹਿਮ, ਸ਼ੁਭ ਜੀਵਨ ਨਾਲੋਂ ਅਡਰੇ ਕਿਸੇ ਜਪ ਤਪ ਦਾ ਸੀ। ਏਸ ਵਹਿਮ ਨੇ ਅੱਧੀ ਜ਼ਿੰਦਗੀ ਨਿਕੰਮੀ ਬਣਾ ਰੱਖੀ ਸੀ। ਇਸ ਵਹਿਮ ਦੀਆਂ ਜੜ੍ਹਾਂ ਹਲੇ ਤੱਕ ਵੀ ਬੜੀਆਂ ਪੱਕੀਆਂ ਹਨ। ਦੁਨੀਆਂ ਦੀ ਕਿੰਨੀ ਤਾਕਤ ਨਿਸਫਲ ਜਾ ਰਹੀ ਹੈ। ਗੁਰੂ ਸਾਹਿਬ ਨੇ ਏਸ ਵਹਿਮ ਨੂੰ ਚੰਗਾ ਤਕੜਾ ਝੂਣਾ ਦਿੱਤਾ। ਉਨ੍ਹਾਂ ਸਮਝਾਇਆ ਕਿ ਜੇ ਜਾਪ ਕੀਤਿਆਂ ਅਜਾਪ ਦੇਵ ਮਿਲ ਜਾਂਦਾ ਹੁੰਦਾ ਤਾਂ ਪੂਦਨਾ - ਇੱਕ ਜਨੌਰ - ਕਿਉਂ ਸਦੀਵ ਤੂੰਹੀ, ਤੂੰਹੀ ਉਚਰਦਾ ਰਹਿੰਦਾ?

ਤਾਪ ਕੋ ਸਹੇ ਤੇ ਜੋ ਪਾਈਐ ਅਤਾਪ ਨਾਥ ਤਾਪਨ ਅਨੇਕ ਤਾਪ ਘਾਇਲ ਸਹਿਤ ਹੈ। ਜਾਪ ਕੇ ਕੀਏ ਤੇ ਜੋ ਪੈ ਪਾਯਤ ਅਜਾਪ ਦੇਵ ਪੂਦਨਾ ਸਦੀਵ ਤੁਹੀ ਤੁਹੀ ਉਚਰਤ ਹੈ।

ਤੇ ਗੁਰੂ ਸਾਹਿਬ ਨੇ ਸ਼ੁਭ ਕਰਮਾਂ ਦਾ ਗੀਤ ਗਾਂਵਿਆਂ:-

ਦੇਹ ਸ਼ਿਵਾ, ਬਰ ਮੋਹਿ ਇਹੈ,
ਸ਼ੁਭ ਕਰਮਨ ਤੇ ਕਬਹੂੰ ਨਾ ਟਰੋਂ।

ਗੁਰੂ ਸਾਹਿਬ ਅਕਾਲ-ਪੁਰਖ ਤੋਂ ਸ਼ੁਭ ਕਰਮਾਂ ਦਾ ਵਰ ਹੀ ਮੰਗਦੇ ਹਨ। ਗੁਰੂ ਸਾਹਿਬ ਸਦਾ ਸ਼ੁਭ ਕਰਮਾਂ ਵਿੱਚ ਲੱਗੇ ਰਹਿਣ ਦੀ ਪ੍ਰਾਰਥਨਾ ਕਰਦੇ ਤੇ ਸ਼ੁਭ ਕਰਮਾਂ ਨੂੰ ਅਕਾਲ-ਪੁਰਖ ਦੀ ਭੇਟਾ ਲਈ ਸਭ ਤੋਂ ਉੱਚਾ ਚੜ੍ਹਾਵਾ ਕਰਾਰ ਦੇਂਦੇ ਸਨ। ਇੱਕ ਵਾਰੀ ਉਨ੍ਹਾਂ ਨੂੰ ਪਿਆਸ ਲੱਗੀ, ਕੋਲ ਕੋਈ ਸਿੱਖ ਹਾਜ਼ਰ ਨਹੀਂ ਸੀ। ਇੱਕ ਦਰਸ਼ਨ ਕਰਨ ਆਏ ਖੱਤਰੀ ਗਭਰੂ ਨੇ ਉਨ੍ਹਾਂ ਨੂੰ ਜਲ ਦਾ ਕਟੋਰਾ ਭਰ ਕੇ ਫੜਾਇਆ। ਏਸ ਸੱਜਣ ਦੇ ਹੱਥਾਂ ਵੱਲ ਵੇਖ ਕੇ ਗੁਰੂ ਸਾਹਿਬ ਨੇ ਪੁੱਛਿਆ, "ਤੇਰੇ ਹੱਥ ਬੜੇ ਕੂਲੇ ਹਨ, ਕੀ ਤੂੰ ਇਹਨਾਂ ਨੂੰ ਕਿਸੇ ਸੇਵਾ ਵਿੱਚ ਕਦੇ ਨਹੀਂ ਵਰਤਿਆ?"

"ਨਹੀਂ ਹਜ਼ੂਰ," ਉਸ ਉੱਤਰ ਦਿੱਤਾ, "ਇਹ ਪਹਿਲੀ ਹੀ ਵਾਰ ਹੈ ਕਿ ਮੈਂ ਕਿਸੇ ਹੋਰ ਦੀ ਸੇਵਾ ਲਈ ਇਹਨਾਂ ਨੂੰ ਵਰਤਿਆ ਹੈ।"

"ਤੱਦ", ਗੁਰੂ ਸਾਹਿਬ ਕਟੋਰਾ ਥੱਲੇ ਰੱਖ ਕੇ ਬੋਲੇ, "ਤੇਰੇ ਹੱਥੋਂ ਪਾਣੀ ਪੀਣਾ ਯੋਗ ਨਹੀਂ। ਇਹ ਹੱਥ ਅਪਵਿੱਤਰ ਹਨ। ਉਹ ਤਨ ਮੁਰਦਾ ਤੇ ਅਛੂਤ ਹੈ ਜਿਹੜਾ ਰੱਬ ਦੇ ਬੰਦਿਆਂ ਦੀ ਸੇਵਾ ਵਿੱਚ ਨਹੀਂ ਲੱਗਾ। ਮੈਨੂੰ ਸਿੱਖ ਪਿਆਰਾ ਨਹੀਂ, ਉਹਦੀ ਰਹਿਤ ਪਿਆਰੀ ਹੈ।"


ਰਹਿਤ ਤੋਂ ਭਾਵ ਜੀਵਨ ਹੈ, ਨਿਰੀ ਕਕਾਰਾਂ ਦੀ ਰਹਿਤ ਨਹੀਂ। ਗੁਰੂ ਸਾਹਿਬ ਚਿੰਨ੍ਹਾਂ ਨਾਲ ਸੰਤੁਸ਼ਟ ਨਹੀਂ ਸਨ ਹੁੰਦੇ, ਉਹ ਜੀਵਨ ਮੰਗਦੇ ਸਨ, ਸੇਵਾ ਮੰਗਦੇ ਸਨ, ਸੱਚਾਈ ਮੰਗਦੇ ਸਨ।

ਗੁਰੂ ਸਾਹਿਬ ਨੇ ਸੱਭੋ ਭੈੜੀਆਂ ਰਸਮਾਂ ਤੋੜ ਦਿੱਤੀਆਂ। ਸੁਹਣੀਆਂ ਰੀਤਾਂ ਚਲਾਈਆਂ, ਸਾਦੇ ਵਿਆਹ ਦੀ ਰਸਮ ਤੋਰੀ, ਹੋਲੀ ਤਿਉਹਾਰ ਦੇ ਖਰੂਦੀ ਤੇ ਵਿਗੜੇ ਮਜ਼ਾਕ ਦੀ ਥਾਂ ਸਵੱਛ ਖੁਸ਼ੀ ਦਾ ਹੋਲਾ-ਮਹੱਲਾ ਰਚਿਆ, ਅਖ਼ਲਾਕੀ ਪਵਿੱਤਰਤਾ ਦਾ ਆਦਰਸ਼ ਭਾਈਚਾਰੇ ਦੇ ਸਾਹਮਣੇ ਰੱਖਿਆ, ਪੰਚਾਇਤ ਨੂੰ ਪ੍ਰਧਾਨ ਬਣਾ ਕੇ ਸਮਾਨਤਾ ਦਾ ਮੁੱਢ ਬੰਨ੍ਹਿਆ।

ਗੁਰੂ ਸਾਹਿਬ ਦੇ ਸਮਾਜ-ਸੁਧਾਰਕ ਜਤਨ ਕੇਵਲ ਰਾਜਸੀ ਤੇ ਧਾਰਮਿਕ ਹੀ ਨਹੀਂ ਸਨ। ਗੁਰੂ ਸਾਹਿਬ ਨੇ ਜ਼ਿੰਦਗੀ ਦੇ ਹਰ ਪਹਿਲੂ ਉੱਤੇ ਨਜ਼ਰ ਮਾਰੀ ਤੇ ਜਿਥੇ ਵੀ ਉਨ੍ਹਾਂ ਦੀ ਨਜ਼ਰ ਪਈ, ਉਥੇ ਹੀ ਸੁਧਾਰ ਹੋ ਗਿਆ। ਉਨ੍ਹਾਂ ਨੇ ਪੂਰਨ ਦਿਮਾਗ਼ੀ ਸੁਤੰਤਰਤਾ ਦਾ ਪ੍ਰਚਾਰ ਕੀਤਾ। ਅੱਖਾਂ ਮੀਟ ਕੇ ਕਿਸੇ ਅਣਡਿੱਠ ਸਰੂਪ ਨਾਲ ਜ਼ੋਰੀ ਲਿਵ ਲਾਣ

ਬਾਕੀ ਸਫਾ 33 ਤੇ

ਟੁੱਟੀ ਗੰਢਣ ਦੀ ਪ੍ਰਤੀਕ ਮਾਘੀ ਮੁਕਤਸਰ ਦੀ



-ਅਮਰੀਕ ਸਿੰਘ ਸ਼ੇਰ ਖਾਂ

ਹਿੰਦੁਸਤਾਨੀ ਸਮਾਜ ਵਿੱਚ ਦੇਸੀ ਮਹੀਨੇ ਮਾਘ ਦੇ ਪਹਿਲੇ ਦਿਨ ਨੂੰ ਮਾਘੀ ਦੇ ਤਿਉਹਾਰ ਵਜੋਂ ਪੁਰਾਤਨ ਸਮੇਂ ਤੋਂ ਹੀ ਮਨਾਇਆ ਜਾਂਦਾ ਰਿਹੈ। ਇਸ ਲਈ ਵੈਸਾਖੀ ਵਾਂਗ ਇਹ ਦਿਹਾੜਾ ਵੀ ਮੌਸਮੀ ਤਿਉਹਾਰਾਂ ਦੇ ਤੌਰ ਤੇ ਪੰਜਾਬੀ ਲੋਕ-ਮਾਨਸ ਨਾਲ ਸ਼ੁਰੂ ਤੋਂ ਹੀ ਜੁੜਿਆ ਰਿਹਾ ਹੈ। ਇਤਿਹਾਸਕ ਤੱਥ ਦੱਸਦੇ ਹਨ ਕਿ ਗੁਰੂ ਅਮਰਦਾਸ ਪਾਤਸ਼ਾਹ ਨੇ ਦੂਰ-ਦੁਰਾਡੇ ਤੋਂ ਨਤਮਸਤਕ ਹੋਣ ਵਾਸਤੇ ਆਉਣ ਵਾਲੀਆਂ ਸੰਗਤਾਂ ਨੂੰ ਗੋਇੰਦਵਾਲ ਵਿਖੇ ਇਕੱਤਰ ਹੋਣ ਲਈ ਜੋ ਤਿੰਨ ਤਿਉਹਾਰ ਨਿਸ਼ਚਤ ਕੀਤੇ ਸਨ, ਉਹਨਾਂ ਵਿੱਚ ਮਾਘੀ ਦਾ ਦਿਹਾੜਾ ਵੀ ਮਹੱਤਵਪੂਰਨ ਸਥਾਨ ਰੱਖਦਾ ਸੀ। ਪੁਰਾਤਨ ਸਮੇਂ ਤੋਂ ਹੀ ਵੈਸਾਖੀ ਤੇ ਮਾਘੀ ਨੂੰ ਦਰਿਆਵਾਂ ਦੇ ਕਿਨਾਰੇ ਇਸ਼ਨਾਨ ਕਰਨ ਦੀ ਪ੍ਰਥਾ ਪ੍ਰਚੱਲਿਤ ਸੀ। ਸੋ, ਗੁਰੂ ਸਾਹਿਬਾਨ ਨੇ ਵੀ ਆਈਆਂ ਸੰਗਤਾਂ ਦੇ ਇਕੱਠ ਨੂੰ ਗੁਰਮਤਿ ਨਜ਼ਰੀਏ ਮੁਤਾਬਕ ਵਰਤਣ ਦਾ ਨਿਰਣਾ ਕੀਤਾ। ਵੈਸਾਖੀ ਤੇ ਮਾਘੀ ਤੋਂ ਇਲਾਵਾ ਤੀਜਾ-ਤਿਉਹਾਰ ਦੀਵਾਲੀ ਵੀ ਸ਼ੁਰੂ ਤੋਂ ਹੀ ਪੰਜਾਬੀ ਜਨ-ਮਾਨਸ ਦੇ ਚੇਤਿਆਂ ਵਿੱਚ ਵੱਸਿਆ ਰਿਹਾ ਹੈ।

ਜੇਕਰ ਸ੍ਰੀ ਮੁਕਤਸਰ ਦੀ ਮਾਘੀ ਦੀ ਗੱਲ ਕਰੀਏ ਤਾਂ ਸਾਨੂੰ 'ਮੁਕਤਸਰ' ਦੇ ਥੋੜ੍ਹਾ ਪਿਛੋਕੜ ਵਿੱਚ ਜਾਣਾ ਪਵੇਗਾ। ਗੁਰੂ ਗੋਬਿੰਦ ਸਿੰਘ ਸਾਹਿਬ ਦੀ ਚਰਨ-ਛੋਹ ਪ੍ਰਾਪਤ ਹੋਣ ਤੋਂ ਪਹਿਲਾਂ 'ਮੁਕਤਸਰ' ਸਥਾਨ ਦਾ ਨਾਂ 'ਖਿਦਰਾਣਾ' ਸੀ। ਜਿਸ ਜਗ੍ਹਾ ਅਜੋਕੇ ਸਮੇਂ ਤੇ ਵੱਡ-ਆਕਾਰੀ ਪਵਿੱਤਰ ਸਰੋਵਰ ਹੈ, ਇਸ ਜਗ੍ਹਾ ਤੇ ਪਾਣੀ ਦੀ ਵੱਡੀ ਢਾਬ ਸੀ ਜਿਸਨੂੰ 'ਖਿਦਰਾਣੇ ਦੀ ਢਾਬ' ਕਿਹਾ ਜਾਂਦਾ ਸੀ। ਖਿਦਰਾਣਾ ਇੱਕ ਸ਼ਖਸ ਦਾ ਨਾਂ ਸੀ ਜਿਸਦੇ ਬਾਪ ਦਾ ਨਾਂ ਜਲਾਲ ਸੀ ਤੇ ਜੋ ਇਸ ਇਲਾਕੇ ਦਾ ਵੱਡਾ ਹਾਕਮ ਸੀ। ਇਸ ਬਾਬੇ ਜਲਾਲ ਨੇ ਹੀ ਜਲਾਲਾਬਾਦ (ਪੱਛਮੀ) ਕਸਬਾ ਵਸਾਇਆ ਸੀ ਜੋ ਪਹਿਲਾਂ ਜ਼ਿਲ੍ਹਾ ਫਿਰੋਜ਼ਪੁਰ ਦਾ ਹਿੱਸਾ ਸੀ ਤੇ ਹੁਣ ਫਾਜ਼ਿਲਕਾ ਵਿੱਚ ਸ਼ਾਮਲ ਹੋ ਚੁੱਕਾ ਹੈ। ਬਾਬੇ ਜਲਾਲ ਨੇ ਆਪਣੇ ਤਿੰਨਾਂ ਪੁੱਤਰਾਂ ਨੂੰ ਇਹ ਜੰਗਲ ਦਾ ਇਲਾਕਾ ਵੰਡ ਕੇ ਦੇ ਦਿੱਤਾ ਤੇ ਇਹਨਾਂ ਤਿੰਨਾਂ ਨੇ ਖਿਦਰਾਣਾ, ਰੂਪਾਣਾ ਤੇ ਧਿੰਗਾਣਾ ਤਿੰਨ ਨਗਰ ਵਸਾ ਲਏ। ਖਿਦਰਾਣਾ ਸਮਾਂ ਪਾ ਕੇ ਕਲਗੀਧਰ ਦੀ ਛੋਹ ਨਾਲ ਮੁਕਤਸਰ ਬਣ ਗਿਆ ਪਰ ਬਾਕੀ ਦੋਨੋਂ ਸਥਾਨ ਰੂਪਾਣਾ ਤੇ ਧਿੰਗਾਣਾ ਵੀ ਮੁਕਤਸਰ ਦੇ ਨੇੜੇ ਹੀ ਘੁੱਗ ਵੱਸਦੇ ਨਗਰ ਹਨ।

ਜਦ ਗੁਰੂ ਗੋਬਿੰਦ ਸਿੰਘ ਜੀ ਅਨੰਦਪੁਰ ਸਾਹਿਬ ਦਾ ਕਿਲਾ ਛੱਡ ਕੇ ਮਾਛੀਵਾੜੇ ਦੇ ਜੰਗਲਾਂ ਨੂੰ ਪਾਰ ਕਰ ਰਾਏਕੋਟ, ਮਾਣੂੰ ਕੇ, ਤਖਤੂਪੁਰਾ, ਮਧੇ ਹੁੰਦੇ ਹੋਏ ਦੀਨੇ-ਕਾਂਗੜ ਠਹਿਰੇ ਤਾਂ ਕੁਝ ਸਮੇਂ ਬਾਦ ਉਹਨਾਂ ਨੂੰ ਸੂਹ ਮਿਲੀ ਕਿ ਸਰਹੰਦ ਦਾ ਸੂਬੇਦਾਰ ਵਜੀਦ ਖਾਂ ਇੱਕ ਵਾਰ ਫੇਰ ਸੰਘਣੇ ਜੰਗਲਾਂ ਨੂੰ ਪਾਰ ਕਰਦਾ ਹਇਆ ਗੁਰੂ ਸਾਹਿਬ ਨਾਲ ਦੋ ਹੱਥ ਕਰਨ ਲਈ ਇਸ ਮਾਲਵੇ ਦੀ ਧਰਤੀ ਵੱਲ ਵਧ ਰਿਹਾ ਹੈ। ਸੋ, ਗੁਰੂ ਸਾਹਿਬ ਨੇ ਕਾਂਗੜ ਇਲਾਕੇ ਦੇ ਆਪਣੇ ਅਨਿੰਨ ਸੇਵਕਾਂ ਲਖਮੀਰ ਤੇ ਸ਼ਮੀਰ ਨੂੰ ਏਸ ਇਲਾਕੇ ਵਿੱਚ ਕੋਈ ਸੁਰੱਖਿਅਤ ਕਿਲਾ ਲੱਭਣ ਲਈ ਕਿਹਾ। ਉਹਨਾਂ ਨੇ ਅੱਗੋਂ ਕਪੂਰੇ ਦੇ ਬਣਾਏ ਕੋਟ (ਭਾਵ ਕੋਟਕਪੂਰਾ) ਵੱਲ ਇਸ਼ਾਰਾ ਕੀਤਾ। ਜਦ ਗੁਰੂ ਸਾਹਿਬ ਨੇ ਕਪੂਰੇ ਨੂੰ ਆਪਣਾ ਕਿਲਾ ਓਟ ਵਜੋਂ ਦੇਣ ਦੀ ਗੱਲ ਕਹੀ ਤਾਂ ਕਪੂਰਾ ਵਜੀਦ ਖਾਂ ਦਾ ਨਾਂ ਸੁਣ ਕੇ ਡਰ ਗਿਆ ਤੇ ਗੁਰੂ ਸਾਹਿਬ ਨੂੰ ਕਿਲਾ ਦੇਣ ਤੋਂ ਨਾਂਹ ਕਰ ਦਿੱਤੀ।

ਆਖਰ ਦਸਮੇਸ਼ ਪਿਤਾ ਸਿੰਘਾਂ ਸਮੇਤ ਅੱਗੇ ਵਧ

ਗਏ ਤੇ ਖਿਦਰਾਣੇ ਦੀ ਵੱਡੀ ਢਾਬ ਦੇ ਨੇੜੇ ਜਾ ਡੇਰੇ ਲਾਏ। ਸੰਘਣੇ ਜੰਗਲਾਂ ਵਿੱਚ ਇਹ ਇਲਾਕਾ ਬੜਾ ਸੁਰੱਖਿਅਤ ਸੀ। ਗੁਰੂ ਸਾਹਿਬ ਨੇੜੇ ਹੀ ਖੁਦ ਇੱਕ ਉੱਚੀ ਟਿੱਬੀ ਤੇ ਤੀਰ ਕਮਾਨ ਲੈ ਕੇ ਬੈਠ ਗਏ ਤੇ ਦੁਸ਼ਮਣ ਦੀਆਂ ਫੌਜਾਂ ਦੀ ਉਡੀਕ ਕਰਨ ਲੱਗੇ। ਸਿੰਘਾਂ ਨੇ ਆਪਣੇ ਕਛਹਿਰੇ ਤੇ ਕਮਰਕੱਸੇ ਆਦਿਕ ਕੱਪੜੇ ਉੱਚੀਆਂ ਝਾੜੀਆਂ ਉੱਪਰ ਪਾ ਦਿੱਤੇ ਤਾਂ ਜੋ ਦੁਸ਼ਮਣ ਨੂੰ ਦੂਰੋਂ ਵੱਡੇ ਤੰਬੂਆਂ ਦਾ ਭੁਲੇਖਾ ਪਵੇ। ਇਸ ਜਗ੍ਹਾ ਤੇ ਹੁਣ ਗੁਰਦੁਆਰਾ ਤੰਬੂ ਸਾਹਿਬ ਵੀ ਮੌਜੂਦ ਹੈ ਤੇ ਇਸ ਗੱਲ ਦੀ ਗਵਾਹੀ ਭਰਦਾ ਹੈ।

ਜਦ ਦੁਸ਼ਮਣ ਫੌਜ ਖਿਦਰਾਣੇ ਦੀ ਢਾਬ ਵੱਲ ਵਧ ਰਹੀ ਸੀ ਤਾਂ ਰਸਤੇ ਵਿੱਚ ਹੀ ਉਹਨਾਂ ਉੱਪਰ ਸਿੰਘਾਂ ਦੀ ਇੱਕ ਟੁਕੜੀ ਭੁੱਖੇ ਸ਼ੇਰਾਂ ਵਾਂਗੂੰ ਟੁੱਟ ਕੇ ਪੈ ਗਈ। ਉਧਰ ਜਦ ਗੁਰੂ ਸਾਹਿਬ ਤੇ ਸਾਥੀ ਸਿੰਘਾਂ ਨੂੰ ਇਹ ਸੂਹ ਮਿਲੀ ਤਾਂ ਉਹਨਾਂ ਨੇ ਵੀ ਵਜੀਦ ਖਾਂ ਦੀ ਫੌਜ ਤੇ ਚੁਫੇਰਿਓਂ ਹਮਲਾ ਕਰ ਦਿੱਤਾ। ਗਰਮੀ ਦਾ ਮੌਸਮ ਹੋਣ ਕਰਕੇ ਦੁਸ਼ਮਣ ਫੌਜ ਦੇ ਜਲਦੀ ਹੀ ਪੈਰ ਉੱਖੜ ਗਏ ਤੇ ਉਹ ਭੁੱਖੇ ਪਿਆਸੇ ਜਿੱਧਰ ਨੂੰ ਮੂੰਹ ਆਇਆ ਦੌੜ ਗਏ।

ਜਦ ਗੁਰੂ ਸਾਹਿਬ ਨੇ ਜ਼ਖਮੀ ਹੋਏ ਸਿੰਘਾਂ ਨੂੰ ਸੰਭਾਲਣਾ ਸ਼ੁਰੂ ਕੀਤਾ ਤਾਂ ਉਹ ਹੈਰਾਨ ਹੋ ਗਏ ਕਿ ਅਨੰਦਪੁਰ ਸਾਹਿਬ ਦੇ ਕਿਲੇ 'ਚ ਬੇਦਾਵਾ ਦੇ ਕੇ ਆਏ ਭਾਈ ਮਹਾਂ ਸਿੰਘ ਬੁਰੀ ਤਰ੍ਹਾਂ ਫੱਟੜ ਹੋਏ ਪਏ ਹਨ ਤੇ ਉਹਨਾਂ ਦੇ ਬਾਕੀ ਸਾਥੀ ਸਿੰਘ ਸ਼ਹਾਦਤ ਦਾ ਜਾਮ ਪੀ ਗਏ ਹਨ। ਗੁਰੂ ਸਾਹਿਬ ਨੇ ਭਾਈ ਮਹਾਂ ਸਿੰਘ ਦਾ ਸੀਸ ਬੜੇ ਪਿਆਰ ਸਹਿਤ ਗੋਦੀ ਵਿੱਚ ਲਿਆ ਤਾਂ ਭਾਈ ਮਹਾਂ ਸਿੰਘ ਨੇ ਆਪਣੇ ਆਖਰੀ ਸਾਹ ਵਾਚਦਿਆਂ ਗੁਰੂ ਸਾਹਿਬ ਨੂੰ ਉਹ ਬੇਦਾਵਾ ਪਾੜਨ ਦੀ ਬੇਨਤੀ ਕੀਤੀ ਜਿਸ ਨੂੰ ਉਹ ਆਪਣੇ ਹੱਥੀਂ ਲਿਖ ਕੇ ਦੇ ਆਏ ਸਨ ਕਿ ਅਸੀਂ ਤੁਹਾਡੇ ਸਿੱਖ ਨਹੀਂ ਤੇ ਤੁਸੀਂ ਸਾਡੇ ਗੁਰੂ ਨਹੀਂ। ਗੁਰੂ ਸਾਹਿਬ ਨੇ ਖੀਸੇ ਵਿੱਚ ਸੰਭਾਲ ਕੇ ਰੱਖਿਆ ਉਹ ਬੇਦਾਵਾ ਬਾਹਰ ਕੱਢਿਆ ਤੇ ਆਪਣੇ ਹੱਥੀਂ ਪਾੜ ਦਿੱਤਾ।

ਭਾਈ ਮਹਾਂ ਸਿੰਘ ਦੀਆਂ ਅੱਖਾਂ ਵਿੱਚ ਹੁਣ ਖੁਸ਼ੀ ਦੇ ਹੰਝੂ ਸਨ। ਕੁਝ ਸਮੇਂ ਬਾਦ ਭਾਈ ਮਹਾਂ ਸਿੰਘ ਵੀ ਅਕਾਲ-ਚਲਾਣਾ ਕਰ ਗਏ। ਸਿੰਘਾਂ ਦੇ ਅਚਾਨਕ ਇਸ ਜੰਗ ਵਿੱਚ ਆ ਧਮਕਣ ਦੀ ਗੁੰਝਲ ਜਦ ਹੋਰ ਖੁਲ੍ਹੀ ਤਾਂ ਪਤਾ ਲੱਗਿਆ ਕਿ ਇਹ ਸਾਰੇ ਸਿੰਘ ਜੰਗ ਵਿੱਚ ਜੂਝ ਰਹੀ ਸਿੰਘਣੀ ਮਾਈ ਭਾਗ ਕੌਰ ਦੀ ਪ੍ਰੇਰਨਾ ਨਾਲ (ਮਾਝੇ ਵਿੱਚ ਜਵਾਨ ਔਰਤ ਲਈ ਵੀ ਮਾਈ ਜਾਂ ਬੁੱਢੀ ਸ਼ਬਦ ਵਰਤਿਆ ਜਾਂਦਾ ਸੀ) ਹੀ ਦੁਬਾਰਾ ਮਾਝੇ ਤੋਂ ਇਸ ਇਲਾਕੇ ਵਿੱਚ ਗੁਰੂ ਜੀ ਦੀ ਫੌਜ ਵਿੱਚ ਸ਼ਾਮਲ ਹੋਣ ਆਏ ਸਨ। ਮਾਈ ਭਾਗੋ ਦੁਆਰਾ ਸਿੰਘਾਂ ਨੂੰ ਮਾਰਿਆ ਇਹ ਤਾਹਨਾ:- "ਆਹ ਚੱਕੋ ਚੂੜੀਆਂ, ਅਸੀਂ ਚੱਲੀਆਂ ਜੰਗ ਨੂੰ" ਅੱਜ ਵੀ ਪੰਜਾਬੀ ਅਣਖ ਨੂੰ ਟੁੰਬਣ ਦੀ ਪੂਰੀ ਸਮਰੱਥਾ ਰੱਖਦੈ।

ਖੈਰ, ਇਸ ਮੁੱਠ-ਭੇੜ ਤੋਂ ਬਾਦ ਗੁਰੂ ਸਾਹਿਬ ਨੇ ਸਾਰੇ ਸਿੰਘਾਂ ਦਾ ਖਿਦਰਾਣੇ ਦੀ ਢਾਬ ਦੇ ਕਿਨਾਰੇ ਆਪਣੇ ਹੱਥੀਂ ਸਸਕਾਰ ਕੀਤਾ ਤੇ ਇਸ ਸਥਾਨ ਨੂੰ 'ਮੁਕਤੀਸਰ' ਦਾ ਨਾਂ ਦਿੱਤਾ ਭਾਵ ਇਹ ਸਭ ਸੂਰਮੇ ਹੁਣ ਜੀਵਨ-ਮੁਕਤ ਹੋ ਗਏ ਹਨ।

ਬੇਸ਼ੱਕ ਇਹ ਵਾਕਿਆ 21 ਵੈਸਾਖ ਸੰਮਤ 1762 ਈ. (8 ਮਈ 1705) ਦਾ ਹੈ ਪਰ ਜੰਗਲੀ ਤੇ ਮਾਰੂ ਧਰਤੀ ਹੋਣ ਕਰਕੇ ਵੈਸਾਖ ਦੇ ਮਹੀਨੇ ਨੂੰ ਇਸ ਜਗ੍ਹਾ ਤੇ ਵੱਡਾ ਇਕੱਠ ਹੋਣਾ ਨਾ-ਮੁਮਕਿਨ ਸੀ। ਉਸ ਵੇਲੇ ਦੇ ਵੱਡੇ ਆਗੂਆਂ ਨੇ ਮਾਘੀ ਦੇ ਦਿਹਾੜੇ ਤੇ ਇਸ ਸਥਾਨ ਤੇ ਇਕੱਠੇ ਹੋਣ ਦਾ ਫੈਸਲਾ ਕਰ ਲਿਆ। ਹੌਲੀ-ਹੌਲੀ ਪੂਰੇ ਮਾਲਵੇ ਦੇ ਨਾਲ-ਨਾਲ ਮਾਝੇ ਤੇ ਦੁਆਬੇ ਦੀਆਂ ਸੰਗਤਾਂ ਵੀ ਮਾਘੀ ਵਾਲੇ ਦਿਨ ਇਸ ਪਵਿੱਤਰ ਢਾਬ ਤੇ ਇਸ਼ਨਾਨ ਕਰਨ ਦੇ ਨਾਲ-ਨਾਲ ਸ਼ਹੀਦਾਂ ਨੂੰ ਅਕੀਦਤ ਭੇਟ ਕਰਨ ਲਈ ਆਉਣ ਲੱਗੀਆਂ। ਬੇਸ਼ੱਕ ਸਮੇਂ ਦੇ ਗੇੜ ਨਾਲ ਇਹ ਸ਼ਹੀਦੀ ਜੋੜ-ਮੇਲਾ ਇੱਕ ਆਮ ਮੇਲਿਆਂ ਦਾ ਰੂਪ ਧਾਰਨ ਕਰਨ ਲੱਗ ਪਿਆ ਪਰ ਕੁਝ ਸਮੇਂ ਤੋਂ ਸੁਚੇਤ ਹੋਈਆਂ ਸੰਗਤਾਂ ਨੇ ਦੁਬਾਰਾ ਇਸ ਸ਼ਹੀਦੀ ਮੇਲੇ ਨੂੰ ਕੌਮ ਲਈ ਪ੍ਰੇਰਨਾ ਸ੍ਰੋਤ ਬਨਾਉਣ ਦੇ ਯਤਨ ਆਰੰਭਣੇ ਸ਼ੁਰੂ ਕਰ ਦਿੱਤੇ ਹਨ। ਹੁਣ ਤਾਂ ਮਾਘੀ ਤੋਂ ਇਲਾਵਾ ਇਸ ਸਥਾਨ ਤੇ 21 ਵੈਸਾਖ ਨੂੰ ਵੀ 'ਟੁੱਟੀ ਗੰਢੀ ਦਿਵਸ' ਮਨਾਉਣ ਦੀ ਪਰੰਪਰਾ ਆਰੰਭ ਹੋ ਚੁੱਕੀ ਹੈ।

ਆਓ! ਚਾਲੀ ਮੁਕਤਿਆਂ ਦੀ ਇਸ ਮਹਾਨ ਗਾਥਾ ਤੋਂ ਪ੍ਰੇਰਨਾ ਲੈਂਦਿਆਂ ਅਸੀਂ ਵੀ ਆਪੋ-ਆਪਣੀ ਟੁੱਟੀ ਪ੍ਰੀਤ ਗੰਢਾਉਣ ਲਈ ਗੁਰੂ-ਪਾਤਸ਼ਾਹ ਮੂਹਰੇ ਜੋਦੜੀ ਕਰੀਏ।

98157-58466

****



ਭਾਈ, ਸਿਰਦਾਰ, ਕਿ ਸੰਤ............?

ਪ੍ਰੋ: ਇੰਦਰ ਸਿੰਘ ਘੱਗਾ

ਅਸੂਲਣ ਤੌਰ 'ਤੇ ਇਸ ਵਿੱਚ ਦੋ ਰਾਵਾਂ ਨਹੀਂ ਹਨ ਕਿ **"ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤ ਸਾਰੇ॥ ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ॥ (ਅੰਗ 982)** ਹਰ ਇੱਕ ਸੁਚੇਤ ਵਿਚਾਰ ਸਹਿਤ ਗੁਰਬਾਣੀ ਪੜ੍ਹੇ, ਉਸ ਨੂੰ ਸਮਝੇ ਤੇ ਉਸ ਅਨੁਸਾਰ ਆਪਣਾ ਜੀਵਨ ਢਾਲਣ ਦੀ ਕੋਸ਼ਿਸ਼ ਕਰੇ। ਜਿਵੇਂ ਆਮ ਸਮਾਜ ਵਿੱਚ ਕੁੱਝ ਬਿਮਾਰੀਆਂ ਫੈਲ ਜਾਂਦੀਆਂ ਹਨ। ਉਨ੍ਹਾਂ ਦੇ ਇਲਾਜ ਲਈ ਦਵਾਈਆਂ ਅਤੇ ਡਾਕਟਰ (ਚੰਗੇ ਜਾਂ ਬੁਰੇ) ਭੀ ਆਣ ਪੁੱਜਦੇ ਹਨ। ਬਹੁਤੀ ਵਾਰੀ ਅਜਿਹਾ ਭੀ ਵੇਖਣ ਵਿੱਚ ਆਇਆ ਹੈ, ਬਿਮਾਰੀ ਹੁੰਦੀ ਨਹੀਂ, ਪੈਦਾ ਕਰ ਦਿੱਤੀ ਜਾਂਦੀ ਹੈ। ਜਾਂ ਇਉਂ ਕਹਿ ਲਈਏ, ਬਿਮਾਰੀ ਦਾ ਭਰਮ ਪੈਦਾ ਕਰ ਕੇ, ਭੈ ਭੀਤ ਕੀਤਾ ਜਾਂਦਾ ਹੈ। ਡਰਿਆ ਮਨੁੱਖ ਹੀ ਡਾਕਟਰ ਤੋਂ ਛਿੱਲ ਲੁਹਾਏਗਾ। ਸਿੱਖਾਂ ਵਿੱਚ ਗੁਰਬਾਣੀ ਪੜ੍ਹਨ ਵਿਚਾਰਨ ਤੋਂ ਅਵੇਸਲਾਪਣ ਹੈ। ਇਹ ਨਿਰਾਸਤਾ ਆਈ ਕਿਉਂ? ਇਸ ਦੇ ਜ਼ਿੰਮੇਵਾਰ ਸਿੱਖਾਂ ਦੇ ਧਰਮ ਮੁੱਖੀ ਹਨ। ਜਿਨ੍ਹਾਂ ਨੇ ਪੰਥ ਦੀ ਨਿੱਘਰ ਰਹੀ ਹਾਲਤ ਵੱਲ ਕਦੀ ਅੱਖ ਪੁੱਟ ਕੇ ਨਹੀਂ ਵੇਖਿਆ। ਇਸੇ ਗਫਲਤ ਕਾਰਨ ਹੋਰ ਕਈ ਬਿਮਾਰੀਆਂ ਪੈਦਾ ਹੋ ਗਈਆਂ ਹਨ ਇਨ੍ਹਾਂ ਵਿਚੋਂ ਇਕ ਬਿਮਾਰੀ ਹੈ **'ਸਾਧ, ਸੰਤ, ਬ੍ਰਹਮਗਿਆਨੀ'** ਅਖਵਾਉਣ ਵਾਲੇ ਲੁਟੇਰੇ ਟੋਲੇ। ਇਹ ਲੋਕ ਧੋਖੇਬਾਜ਼ੀਆਂ, ਬੇਈਮਾਨੀਆਂ ਤਾਂ ਖੂਬ ਕਰਦੇ ਹਨ, ਪਰ ਉਂਞ ਹੁੰਦੇ ਨੇ ਕਾਇਰ ਬਿਰਤੀ ਵਾਲੇ ਤੇ ਪੂਰੇ ਹੱਡ ਹਰਾਮ, ਵਿਹਲੜ।

ਗੁਰੂ ਨਾਨਕ ਸਾਹਿਬ ਜੀ ਨੇ ਸਮਾਜੀ ਵਖਰੇਵਾਂ ਖਤਮ ਕਰਨ ਲਈ ਅਨੇਕਾਂ ਹੋਰ ਢੰਗ ਤਰੀਕੇ ਵਰਤੇ, ਉਥੇ ਇਕ ਅਤੀ ਮਹੱਤਵਪੂਰਨ ਸ਼ਬਦ ਪ੍ਰਚਲਤ ਕੀਤਾ ਸੀ "ਭਾਈ"। ਉਮਰ ਭਰ ਸਾਥ ਮਾਨਣ ਵਾਲੇ ਗੁਰੂ ਨਾਨਕ ਸਾਹਿਬ ਜੀ ਦੇ ਨਜ਼ਰੇ ਕਰਮ, ਮਰਦਾਨਾ ਜੀ ਸਨ

"**ਭਾਈ**"। ਉਮਰ ਭਰ ਸਾਥ ਮਾਨਣ ਵਾਲੇ ਗੁਰੂ ਨਾਨਕ ਸਾਹਿਬ ਜੀ ਦੇ ਨਜ਼ਰੇ ਕਰਮ, ਮਰਦਾਨਾਂ ਜੀ ਸਨ

"**ਭਾਈ**"। ਜਾਤੀ ਜਾਂ ਸਮਾਜੀ ਬੰਧਨ ਤੋੜ ਕੇ, ਧਾਰਮਕ ਰੋਕਾਂ ਉਲੰਘ ਕੇ ਮਰਦਾਨਾ ਜੀ ਗੁਰੂ ਨਾਨਕ ਸਾਹਿਬ ਦੇ "**ਭਰਾ**" ਸਨ। ਭਾਈ ਦਾ ਏਹੋ ਮਤਲਬ ਹੈ। ਉਸ ਸਮੇਂ ਦੇ ਹੋਰ ਬਹੁਤ ਸਾਰੇ ਸੇਵਕ ਸਿੱਖਾਂ ਦਾ ਨਾਮ, ਇਤਿਹਾਸ ਵਿਚੋਂ ਮਿਲ ਜਾਂਦਾ ਹੈ। ਜੋ ਸਾਰੇ ਹੀ ਭਾਈ ਲਕਬ ਨਾਲ ਸਤਿਕਾਰੇ ਜਾਂਦੇ ਸਨ। ਭਾਈ ਲਾਲੋ, ਭਾਈ ਸਨਮੁੱਖ, ਭਾਈ ਜੈ ਰਾਮ ਤੇ ਭਾਈ ਲਹਿਣਾ ਜੀ, ਜੋ ਬਾਅਦ ਵਿੱਚ ਗੁਰੂ ਪਦਵੀ ਨੂੰ ਪੁੱਜੇ। ਗੁਰੂ ਅਮਰਦਾਸ ਜੀ ਵਡੇਰੀ ਉਮਰ ਵਿੱਚ ਗੁਰੂ ਦੀ ਸੇਵਾ ਲਈ ਹਾਜ਼ਰ ਹੋਏ ਸਨ। ਇਸ ਲਈ ਸਾਰੇ ਉਨ੍ਹਾਂ ਨੂੰ "ਬਾਬਾ ਜੀ" ਜਾਂ ਬਾਬਾ ਅਮਰਦਾਸ ਜੀ ਆਖਣ ਲੱਗ ਪਏ। ਚੌਥੇ ਗੁਰੂ ਰਾਮਦਾਸ ਜੀ ਪਹਿਲਾਂ "**ਭਾਈ**" ਜੇਠਾ ਜੀ ਸਨ। ਇਹ ਉੱਤਮ ਰਵਾਇਤ ਇਸੇ ਤਰ੍ਹਾਂ ਅੱਗੇ ਪ੍ਰਵਾਹਿਤ ਹੁੰਦੀ ਰਹੀ। ਗੁਰਦਾਸ ਜੀ ਭਾਈ, ਬਿਧੀ ਚੰਦ ਭਾਈ, ਪਿਰਾਣਾ ਤੇ ਪਿਰਾਗਾ ਭਾਈ। ਮਤੀ ਦਾਸ, ਸਤੀ ਦਾਸ ਭਾਈ, ਮਨੀ ਸਿੰਘ ਭਾਈ। ਦਇਆ ਸਿੰਘ, ਧਰਮ ਸਿੰਘ, ਹਿੰਮਤ ਸਿੰਘ, ਮੋਹਕਮ ਸਿੰਘ ਤੇ ਸਾਹਿਬ ਸਿੰਘ ਜੀ, ਪੰਜੇ ਪਿਆਰੇ "**ਭਾਈ**" ਲਕਬ ਨਾਲ ਯਾਦ ਕੀਤੇ ਜਾਂਦੇ ਹਨ।

ਭਾਈ ਆਖਣ ਨਾਲ ਮਾਂ ਜਾਏ ਭਰਾ ਵਰਗਾ ਨਿੱਘਾ ਅਹਿਸਾਸ ਹੁੰਦਾ ਹੈ। ਵਿੱਥਾਂ ਦੂਰੀਆਂ ਖਤਮ ਹੁੰਦੀਆਂ ਨੇ, ਬਰਾਬਰਤਾ ਵਾਲਾ ਪਿਆਰ ਡਲਕਾਂ ਮਾਰਦਾ ਹੈ। ਗੁਰੂ ਕਾਲ ਵਿੱਚ ਸਾਰੇ ਸਿੱਖ "**ਭਾਈ, ਭਾਈ**" ਬਣੇ ਰਹੇ। ਔਰਤਾਂ ਨੂੰ ਮਾਈਆਂ ਆਖ ਕੇ ਸਤਿਕਾਰ ਦਿੱਤਾ ਜਾਂਦਾ ਸੀ। ਦੋਵਾਂ ਧਿਰਾਂ ਲਈ ਸਾਂਝਾ ਉਚਾਰਣ ਅੱਜ ਭੀ ਪ੍ਰਚਲਤ ਹੈ, "ਮਾਈ, ਭਾਈ"। ਮਿਸਲਾਂ ਦੇ ਸਮੇਂ ਵਿੱਚ ਭੀ ਕੋਈ ਸਿੱਖ ਵਖਰੇਵੇਂ ਵਾਲਾ ਲਕਬ ਆਪਣੇ ਆਪ


ਨਾਲ ਨਹੀਂ ਜੋੜ ਸਕਿਆ। ਸਿੱਖ ਪੰਥ ਦੇ ਅਤੀ ਸਤਿਕਾਰੇ ਸੂਰਮੇ, ਜੱਸਾ ਸਿੰਘ ਆਹਲੂਵਾਲੀਆ, ਚੜ੍ਹਤ ਸਿੰਘ, ਕਪੂਰ ਸਿੰਘ ਆਦਿ ਦੇ ਨਾਵਾਂ ਨਾਲ ਭੀ ਪੁਰਾਤਨ ਲਿਖਤਾਂ ਵਿੱਚ ਭਾਈ ਸ਼ਬਦ ਹੀ ਵਰਤਿਆ ਗਿਆ ਹੈ। ਨਵਾਬ ਜਾਂ ਸਰਦਾਰ ਤਾਂ ਬਹੁਤ ਬਾਅਦ ਦੇ ਸ਼ਬਦ ਹਨ। ਰਣਜੀਤ ਸਿੰਘ ਨੇ ਸਾਰੀ ਉਮਰ ਤਾਜ ਜਾਂ ਕਲਗੀ ਨਹੀਂ ਨਹੀਂ ਲਾਈ। ਤਖਤ ਲਾ ਕੇ ਨਹਂ ਬੈਠਿਆ। ਉਪਰ ਲਈ ਨਜਾਮ ਹੈਦਰਾਬਾਦ ਨੇ ਬਹੁਤ ਕੀਮਤੀ ਚਾਨਣੀ ਭੇਜੀ ਸੀ। ਵੇਖਦਿਆਂ ਹੀ ਰਣਜੀਤ ਸਿੰਘ ਨੇ ਉਹ ਚਾਨਣੀ, ਦਰਬਾਰ ਸਾਹਿਬ ਅੰਮ੍ਰਿਤਸਰ ਅਰਪਣ ਕਰ ਦਿੱਤੀ। ਖੁਦ ਤਾਣ ਕੇ ਹੇਠਾਂ ਨਾ ਬੈਠਾ। ਇਹ ਮਹਾਰਾਜਾ ਵਾਲੀ ਲਿਖਤ ਤਾਂ ਅੰਗਰੇਜ਼ਾਂ ਦੀਆਂ ਲਿਖਤਾਂ ਵਿਚੋਂ ਆਈ ਹੈ। ਕਿਉਂਕਿ ਅੰਗਰੇਜ਼ ਲੋਕ, ਜੇ ਰਣਜੀਤ ਸਿੰਘ ਨੂੰ ਇਕ ਸਿੱਖ ਰੂਪ ਵਿੱਚ ਪੇਸ਼ ਕਰਦੇ, ਤਦੋਂ ਇਕ ਤਾਂ ਆਮ ਸਿੱਖ ਦੀ ਉਸ ਨਾਲ ਦਿਲੀ ਹਮਦਰਦੀ ਵਧ ਜਾਣੀ ਸੀ। ਦੂਜਾ ਗੋਰਿਆਂ ਨੇ ਇਕ ਸ਼ਕਤੀਸ਼ਾਲੀ ਮਹਾਰਾਜੇ ਤੋਂ ਬੇਅੰਤ ਤਾਕਤ ਵਰਤ ਕੇ ਖੂਨ ਡੋਲ੍ਹਵੀਂ ਜੰਗ ਤੋਂ ਬਾਅਦ ਰਾਜ ਖੋਹਿਆ ਸੀ। ਇਸ ਤਰ੍ਹਾਂ ਲਿਖਣ ਨਾਲ ਅੰਗਰੇਜ਼ਾਂ ਦੀ ਆਪਣੀ ਤਾਕਤ ਵਧਵੀਂ ਪ੍ਰਗਟ ਹੁੰਦੀ ਸੀ। ਇਕ ਸਿੱਖ ਤੋਂ ਰਾਜ ਖੋਹਿਆ ਤਾਂ ਕਾਹਦਾ ਖੋਹਿਆ? ਇਕ ਬਾਦਸ਼ਾਹ ਦਾ ਰਾਜ ਖੋਹੇ ਜਾਣ ਨਾਲ ਹੀ ਉਨ੍ਹਾਂ ਦੀ ਸ਼ਾਨ ਬਣਦੀ ਸੀ।

ਆਧੁਨਿਕ ਜ਼ਮਾਨੇ ਵਿਚਲੇ ਸਿਰ ਕੱਢਵੇਂ ਗੁਰਸਿੱਖਾਂ ਦੇ ਨਾਮ ਨਾਲ, ਭਾਈ ਸ਼ਬਦ ਹੀ ਲਿਖਿਆ ਬੋਲਿਆ ਜਾਂਦਾ ਸੀ। ਮਿਸਾਲ ਲਈ ਭਾਈ ਵੀਰ ਸਿੰਘ, ਭਾਈ ਕਾਹਨ ਸਿੰਘ, ਭਾਈ ਜੋਧ ਸਿੰਘ, ਭਾਈ ਹੀਰਾ ਸਿੰਘ ਰਾਗੀ ਆਦਿ। ਸ਼੍ਰੋਮਣੀ ਕਮੇਟੀ ਨੇ ਕੁੱਝ ਗੁਰਸਿੱਖਾਂ ਨੂੰ ਉਨ੍ਹਾਂ ਦੀ ਪੰਥਕ ਸੇਵਾ ਦੀ ਕਦਰ ਕਰਦਿਆਂ ਜੋ ਖਿਤਾਬ ਅਕਾਲ ਤਖਤ ਸਾਹਿਬ ਤੋਂ ਦਿੱਤੇ ਸਨ, ਉਨ੍ਹਾਂ ਵਿੱਚ "**ਭਾਈ**" ਦਾ ਹੀ ਖਿਤਾਬ ਸੀ। ਜਿਵੇਂ ਸ: ਕਪੂਰ ਸਿੰਘ ਨੂੰ "**ਭਾਈ**" ਦਾ ਖਿਤਾਬ (13.10.73) ਦੇ ਕੇ ਮਾਣ ਦਿੱਤਾ ਗਿਆ ਸੀ। ਪ੍ਰਿੰਸੀਪਲ ਹਰਭਜਨ ਸਿੰਘ ਚੰਡੀਗੜ੍ਹ ਵਾਲਿਆਂ ਨੂੰ ਭੀ "**ਭਾਈ**" ਦੀ ਉਪਾਧੀ ਅਕਾਲ ਤਖਤ ਵੱਲੋਂ ਦਿੱਤੀ ਗਈ ਸੀ। ਗੁੰਥੀ ਸਿੰਘ ਕਥਾਵਾਚਕ ਰਾਗੀ ਤੇ ਢਾਡੀਆਂ ਦੇ ਨਾਵਾਂ ਨਾਲ ਅੱਜ ਤਾਈਂ "**ਭਾਈ**" ਸ਼ਬਦ ਲਿਖਿਆ ਬੋਲਿਆ ਜਾਂਦਾ ਹੈ। ਹਾਂ ਪ੍ਰਬੰਧਕ "**ਭਾਈ**" ਅਖਵਾਉਣਾ ਕਦੀ ਪਸੰਦ ਨਹੀਂ ਕਰਦੇ। ਉਹ ਮਾਲਕ ਹਨ, ਰਾਗੀ ਗ੍ਰੰਥੀ ਨੌਕਰ ਹਨ। ਮਾਲਕ ਆਪਣੇ "ਨੌਕਰਾਂ" ਦੇ ਬਰਾਬਰ ਕਿਵੇਂ ਹੋ ਸਕਦਾ ਹੈ? ਜਿਵੇਂ ਕਬੀਲਿਆਂ ਦੇ ਸਰਦਾਰ, ਇਲਾਕਿਆਂ ਦੇ ਸਰਦਾਰ ਹੋਇਆ ਕਰਦੇ ਸਨ। ਅੱਜ ਇਹ ਪ੍ਰਧਾਨ ਸਕੱਤਰ ਆਦਿਕ ਗੁਰਦਵਾਰੇ ਦੇ "ਸਰਦਾਰ" ਤਾਂ ਹੈਗੇ ਈ। ਜਦੋਂ ਮਿਸਲਾਂ ਦੇ ਅਖੀਰ ਜਿਹੇ ਸਮੇਂ ਸਿੱਖਾਂ ਨੇ ਇਲਾਕੇ ਮੱਲ ਕੇ, ਆਪਣੀਆਂ ਛੋਟੀਆਂ ਛੋਟੀਆਂ ਰਿਆਸਤਾਂ ਕਾਇਮ ਕਰ ਲਈਆਂ, ਉਸ ਵਕਤ ਮੋਹਰੀ ਸਿੱਖਾਂ ਨੇ ਬਾਕੀਆਂ ਨਾਲੋਂ ਵੱਡਾ ਰੁਤਬਾ ਧਾਰਨ ਕਰਨ ਦਾ ਵੱਖਰਾ ਰਾਹ ਅਖਤਿਆਰ ਕਰਦਿਆਂ, "**ਸਰਦਾਰ**" ਅਖਵਾਉਣਾ ਸ਼ੁਰੂ ਕਰ ਦਿੱਤਾ। ਸਿੱਖਾਂ ਵਿਚੋਂ ਬਰਾਬਰਤਾ ਵਾਲੀ ਭਾਵਨਾ ਖਤਮ ਹੋਣੀ ਸ਼ੁਰੂ ਹੋ ਗਈ। ਮਾਲਕ ਤੇ ਨੌਕਰ ਵਾਲਾ ਵੱਡਾ ਛੋਟਾ, ਉਚ ਨੀਚ ਵਾਲਾ ਘਿਨਾਉਣਾ ਰੂਪ ਆ ਪ੍ਰਗਟ ਹੋਇਆ।

ਇਸ ਤੋਂ ਅਗਲਾ ਬਰਬਾਦੀ ਵਾਲੇ ਰਾਹ ਤੋਰਨ ਵਾਲਾ ਕਦਮ ਸੀ। ਆਪਣੇ ਨਾਮ ਨਾਲ ਅੱਗੇ ਜਾਂ ਪਿਛੇ, "**ਸੰਤ, ਬ੍ਰਹਮ ਗਿਆਨੀ**" ਆਦਿ ਦੀ ਉਪਾਧੀ ਲਾਉਣੀ। ਭਾਈ ਵਰਗੇ ਪਵਿੱਤਰ ਭਾਵਨਾਵਾਂ ਪੈਦਾ ਕਰਨ ਵਾਲੇ ਸ਼ਬਦਾਂ ਦਾ ਤਿਆਗ ਕਰਨਾ। ਜਦੋਂ ਇਹ ਮਨਮੁੱਖ, ਸਿੱਖ ਅਤੇ ਭਾਈ ਲਕਬ ਤੋਂ ਮੂੰਹ ਮੋੜ ਗਿਆ, ਫਿਰ ਸਿੱਖੀ ਦੀਆਂ ਬਾਕੀ ਪ੍ਰਪਰਾਵਾਂ ਕਿਉਂ ਨਿਭਾਏਗਾ? ਇਸ ਕੁਰਾਹੇ ਪਏ ਵਿਅਕਤੀ ਨੇ ਗੁਰਸਿੱਖਾਂ ਨਾਲ "ਫਤਹਿ" ਦੀ ਸਾਂਝ ਖਤਮ ਕਰ ਦਿੱਤੀ। ਕਿਉਂਕਿ ਇਹ ਹੁਣ "**ਆਮ**" ਸਿੱਖ ਨਹੀਂ ਰਿਹਾ ਸੀ, ਸਿੱਖਾਂ ਨਾਲੋਂ ਕਈ ਦਰਜੇ ਉਚਾ "**ਸੰਤ ਮਹਾਂਪੁਰਖ**" ਬਣ ਗਿਆ ਸੀ। ਅਜਿਹੀ ਅਵਸਥਾ ਧਾਰਨ ਦਾ ਸਿੱਧਾ ਅਰਥ ਸੀ ਆਪਣੀ ਨਿੱਜੀ ਪੂਜਾ। ਸੇਵਕਾਂ ਤੋਂ ਸੇਵਾ ਕਰਾਉਣੀ "**ਚਰਨ**" ਪੁਜਾਉਣੇ। "**ਭਗਤੀ ਤਪੱਸਿਆ ਚਲੀਹੇ**" ਕੱਟਣੇ, ਤੇ "**ਨਾਮ ਸਿਮਰਨ**" ਵਰਗੀਆਂ ਗੁਰਮਤਿ ਵਿਰੋਧੀ ਕਾਰਵਾਈਆਂ ਦਾ ਅਲੰਬਰਦਾਰ ਹੋਣ ਦਾ ਚੇਲਿਆਂ ਵੱਲੋਂ ਪ੍ਰਚਾਰ ਕਰਾਉਣਾ। ਖੁਦ ਉਚੇ ਥਾਂ ਆਸਣ ਜਮਾਉਣਾ, "**ਸਿੱਖਾਂ ਸੇਵਕਾਂ**" ਨੂੰ ਨੀਵੇਂ ਥਾਂ ਬਿਠਾਉਣਾ। ਇਸ ਮੁਫਤਖੋਰੇ ਮੱਠਾਧੀਸ ਤੇ ਆਪੂੰ ਬਣੇ ਸੰਤ ਨੇ, ਅਸਿੱਧੇ ਰੂਪ ਵਿੱਚ ਗੁਰੂ ਹੋਣ ਦਾ ਐਲਾਨ ਕਰ ਦਿੱਤਾ। ਜੇ ਤਾਂ ਇਹ ਮਨੁੱਖ ਸਿੱਖ ਹੈ ਤਾਂ "**ਸੰਤ**" ਨਹੀਂ ਹੋ ਸਕਦਾ। ਜੇ ਸੰਤ ਹੈ ਤਾਂ ਸਿੱਖੀ ਤੋਂ ਗਿਆ।

98551-51699

ਬਾਕੀ ਅੱਗੇ ਅੰਕ 'ਚ



ਸਿੱਖ ਸੰਕਲਪ

-ਗਿਆਨੀ ਨਾਹਰ ਸਿੰਘ ਨਾਹਰ

ਸਿੱਖ ਧਰਮ ਸਦਾਚਾਰੀ ਧਰਮ ਅਤੇ ਕਰਮ ਹੈ। ਇਹ ਸਦਾਚਾਰੀ ਲੋਕਰਾਜ ਦਾ ਹਾਮੀ ਹੈ, ਜੋ ਸਰਬੱਤ ਦਾ ਭਲਾ ਕਰਦਾ ਹੈ। ਅੱਜ ਦੇ ਆਗੂ ਚੀਚੀ ਲਹੂ ਲਾ ਕੇ ਸ਼ਹੀਦ ਕਹਾਉਣਾ ਚਾਹੁੰਦੇ ਹਨ। ਪਰ ਸ਼ਹੀਦ ਤਾਂ ਸੱਚ ਲਈ ਸਾਰੇ ਸਰੀਰ ਦਾ ਖ਼ੂਨ ਨਿਚੋੜ ਦਿੰਦਾ ਹੈ। ਮਿਸਾਲ ਭਾਵੇਂ ਗੁਰੂਆਂ ਦੀ ਲਵੋ ਭਾਵੇਂ ਉਨ੍ਹਾਂ ਦੇ ਅਨਿਨ ਸਿੱਖਾਂ ਦੀ।

ਜੰਮੂ ਕਸ਼ਮੀਰ ਮਹਾਰਾਜਾ ਰਣਜੀਤ ਸਿੰਘ ਵੇਲੇ ਤੋਂ ਰਾਜਾ ਗੁਲਾਬ ਸਿੰਘ ਡੋਗਰੇ ਰਾਹੀਂ ਸੰਚਾਲਤ ਸੀ। ਬਾਅਦ ਵਿੱਚ ਉਨ੍ਹਾਂ ਦੇ ਉਤਰ ਅਧਿਕਾਰੀਆਂ ਕੋਲ ਆਈ। ਜਦੋਂ ਸਿੱਖ ਭਾਰਤੀ ਹਨ ਤਾਂ ਜੰਮੂ ਕਸ਼ਮੀਰ ਕਿਵੇਂ ਭਾਰਤ ਤੋਂ ਵੱਖ ਰਹਿ ਸਕਦੀ ਸੀ। ਇਹਦੇ ਬਾਹਰ ਰੱਖਣ ਦੀ ਗੰਗੂਆਂ ਨੇ ਇਕ ਕੂਟਨੀਤਕ ਚਾਲ ਜੋਰੀ ਰੱਖੀ ਜਿਥੇ ਮੁਸਲਮਾਨ ਹੱਥੋਂ ਆਪਣੇ ਭਾਰਤ ਵਾਸੀਆਂ ਨੂੰ ਉਲਝਣ ਵਿੱਚ ਰੱਖਣ ਲਈ ਮਰਵਾਇਆ ਜਾਂਦਾ ਰਿਹਾ। ਇਕ ਇੱਕ ਡੂੰਘੀ ਸਾਜ਼ਿਸ਼ ਅਧੀਨ ਜਾਰੀ ਰੱਖਿਆ ਗਿਆ।

ਜਿਵੇਂ ਮਹਾਤਮਾ ਗਾਂਧੀ ਨੂੰ ਇੱਕ ਡੂੰਘੀ ਸਾਜਸ਼ ਅਧੀਨ ਮਰਵਾਇਆ ਗਿਆ ਉਵੇਂ ਦੋ ਸਿੱਖ ਜਰਨੈਲ ਸ: ਬਿਕਰਮ ਸਿੰਘਤੇ ਸ. ਰਜਿੰਦਰ ਸਿੰਘ ਨੂੰ ਤੁਰੰਤ ਮਰਵਾਇਆ ਗਿਆ, ਹਵਾਈ ਜਹਾਜ਼ ਚੜ੍ਹਾਕੇ। ਉਨ੍ਹਾਂ ਨੇ ਦੇਸ਼ ਕੁਤਾਹੀ ਹਿੱਤ ਪੀ.ਓ.ਕੇ. ਕਸ਼ਮੀਰ ਤੇ ਪਾਕਿਸਤਾਨੀ ਫੌਜ ਨੂੰ ਰੋਕਿਆ ਸੀ।

ਉਨ੍ਹਾਂ ਤੋਂ ਹਊਆ ਖਾ ਕੇ ਗੰਗੂਆਂ ਨੇ ਉਨ੍ਹਾਂ ਦਾ ਕੰਮ ਤਮਾਮ ਕਰ ਦਿੱਤਾ। ਉਹ ਪੜ੍ਹਿਆ ਲਿਖਿਆ ਕੀ ਹੈ ਜੋ ਸਰਬਾਗੀ ਗਿਆਨ ਨਹੀਂ ਰੱਖਦਾ। ਗੁਰੂਆਂ ਨੇ ਲੋਕਾਂ ਨੂੰ ਸਰਬਾਗੀ ਗਿਆਨ ਦਿੱਤਾ। ਪੰਜ ਪਿਆਰੇ ਪੰਜ ਗੁਣ ਸੰਪਨ ਬਣਾਏ। ਇਨ੍ਹਾਂ ਦੇ ਅਰਥ ਸਹੀ ਧਰਮ ਦੀ ਤਰਜਮਾਨੀ ਕਰਦੇ ਹਨ। ਦਿਆ ਬਿਨਾਂ ਧਰਮ ਨਹੀਂ, ਦਿਆ ਧਰਮ ਬਿਨਾਂ ਹਿੰਮਤ ਨਹੀਂ। ਦਿਆ ਧਰਮ ਹਿੰਮਤ ਬਿਨਾ ਮੋਹਕਮਤਾ, ਦ੍ਰਿੜਤਾ ਨਹੀਂ। ਚਾਰਾਂ ਬਿਨਾਂ ਸਾਹਿਬੇ ਦਿਮਾਗ, ਸਮਤੋਲ ਦਿਮਾਗ ਨਹੀਂ।

ਪੰਜ ਪਿਆਰੇ ਸਾਰੇ ਦੇਸ਼ ਵਿੱਚੋਂ ਤਿਆਰ ਕਰਕੇ ਸਾਰੇ ਸਮਾਜ ਦੀ ਅਗਵਾਈ ਉਨ੍ਹਾਂ ਨੂੰ ਸੌਂਪੀ।

ਸੋ ਗੁਰੂਆਂ ਨੇ ਸਾਰੇ ਭਾਰਤ ਨੂੰ ਸਿੱਖਾਂ ਦੀ ਕਰਮਭੂਮੀ ਬਨਾਇਆ ਜਿਸ ਨੂੰ ਗਦਾਰ ਗੰਗੂਆਂ ਚੰਦੂਆਂ ਨੇ ਮੁਗਲਾਂ ਦੇ ਮੋਮ ਦੇ ਨੱਕ ਬਣਕੇ ਨੇਸ਼ਤੋ-ਨਾਬੂਦ ਕੀਤਾ ਸੀ।

ਮਰੇ ਨੂੰ ਮਾਰੇ ਸ਼ਾਹ ਮੁਰਦਾਰ। ਜਿੱਤੀ ਕਸ਼ਮੀਰ ਨੂੰ ਇੱਕ ਮਤਾ ਪਾਕੇ ਮਾਰਕੇਬਾਜ਼ੀ ਸਮਝਣਾ ਹਰਮਨ ਪਿਆਰਤਾ ਨਹੀਂ। ਸਰਕਾਰ ਨੂੰ ਸਿੱਖਾਂ ਦੇ ਗੁਣ ਗਾਉਣੇ ਚਾਹੀਦੇ ਹਨ। ਮਾਰਕੇਬਾਜ਼ੀ ਵਾਲੀ ਗੱਲ ਤਾਂ ਅਜੇ ਦੂਰ ਦੀ ਕੌਡੀ ਹੈ ਜਿਹੜੀ ਸ਼ਾਂਤੀ ਵਿਵਸਥਾ ਦੀ ਮੰਗ ਕਰਦੀ ਹੈ ਅਤੇ ਪੀ.ਓ.ਕੇ. ਸਮੇਤ ਚੀਨ ਵਲੋਂ 1962 ਵਿੱਚ ਰੱਖਿਆ ਇਲਾਕਾ ਵਾਪਸ ਲੈਣ ਨਾਲ ਹੀ ਮਾਰੇਕਬਾਜੀ ਬਣੇਗੀ।

ਇਕ ਹੋਰ ਗੱਲ ਦੇਸ ਵਾਸੀਆਂ ਨੂੰ ਭੁਲਣੀ ਨਹੀਂ ਚਾਹੀਦੀ ਕਿ ਕਸ਼ਮੀਰ ਤੋਂ ਲੈ ਕੇ ਪਠਾਨਗੜ੍ਹ ਤੱਕ ਇਹ ਸਿੱਖ ਵਿਰਾਸਤ ਸੀ ਜੋ ਬਾਂਦਰ ਵੰਡ ਰਾਹੀਂ ਮੁਸਲਮਾਨਾਂ ਨਾਲ ਵੰਡੀਆਂ ਪਾ ਕੇ ਰੱਖਿਆਈ ਗਈ ਹੈ। ਇਸ ਨੂੰ ਮੱਦੇਨਜ਼ਰ ਰੱਖਦਿਆਂ ਸਿੱਖ ਤਾਂ ਸਮਾਜ ਦੀ ਵਾੜ ਹਨ ਪਰ ਕਾਂਗਰਸ ਨੇ ਸਿੱਖਾਂ ਨੂੰ ਕਮਜ਼ੋਰ ਰੱਖਣ ਲਈ ਰਾਮ ਰਹੀਮ ਪੈਦਾ ਕੀਤੇ ਜਿਨ੍ਹਾਂ ਦਾ ਆਚਰਨ ਅੱਜ ਦੁਨੀਆਂ ਦੇ ਸਾਹਮਣੇ ਹੈ। ਪੁਰਾਣੇ ਸਮੇਂ ਵਿੱਚ ਇੱਕ ਕਹਾਵਤ ਮਸ਼ਹੂਰ ਸੀ ਕਿ "ਜੇ ਬਾਬੇ ਕੋ ਨਾ ਦੇਹ ਹੈ ਤਾ ਗਹਿ ਬਾਬਰ ਕੇ ਲੈ ਹੈ।" ਕੀ ਸਿੱਖ ਕੌਮ ਨੂੰ ਕਮਜ਼ੋਰ ਕਰਕੇ ਅਸੀਂ ਦੇਸ

ਸਹੀ ਸਲਾਮਤ ਰੱਖ ਸਕਾਂਗੇ, ਸੋਚੋ, ਸੋਚੋ, ਸੋਚੋ।

ਰਾਜਨੀਤੀਕ ਗਦਾਰਾਂ ਤੋਂ ਬਚਾ ਕੇ ਇਨ੍ਹਾਂ ਦੀ ਪਛਾਣ ਕਰੋ ਭਾਵੇਂ ਉਹ ਹਿੰਦੂ, ਸਿੱਖ ਜਾਂ ਮੁਸਲਮਾਨ ਹੋਣ। ਪੜਤਾਲੋ, ਪੜਤਾਲੋ, ਪੜਤਾਲੋ।

ਸਿੱਖ ਰਾਜ ਡੋਗਰੇ ਸਿੱਖ ਗਦਾਰਾਂ ਰਾਹੀਂ ਗਿਆ। ਬਾਅਦ ਵਿੱਚ ਗੰਗੂਆਂ ਚੰਦੂਆਂ ਦੇ ਵਾਰਸਾਂ ਨੇ ਰਸਾਤਲ ਲਿਆਂਦੀ।

ਸਿੱਖ ਰਾਸ਼ਟਰਵਾਦੀ ਹਨ, ਪਛਾਣੋ, ਪਛਾਣੋ, ਪਛਾਣੋ। ਅੱਜ ਵੀ ਸਦਾਚਾਰਕ ਗਿਰਾਵਟ ਕਾਰਨ ਜੋ ਕਾਂਗਰਸ ਨੇ ਸੱਤਰ ਸਾਲਾਂ ਵਿੱਚ ਲਿਆਂਦੀ ਹੈ ਦੀ ਮਾਰ ਜਿੱਥੇ ਖੁਦ ਕਾਂਗਰਸ ਨੂੰ ਖਤਮ ਕਰ ਰਹੀ ਹੈ ਉਥੇ ਸਹੀ ਦੇਸ਼ ਭਗਤਾਂ ਨੂੰ ਭੀ ਜੂਝਣ ਲਈ ਮਜ਼ਬੂਰ ਕਰ ਰਹੀ ਹੈ।

ਅੰਤ ਵਿੱਚ ਮੇਰਾ ਸੁਨੇਹਾ ਸਿੱਖਾਂ ਅਤੇ ਸਾਰੇ ਭਾਰਤ ਵਾਸੀਆਂ ਨੂੰ ਹੈ ਕਿ ਸਦਾਚਾਰ ਬਿਨਾਂ ਰਾਜਨੀਤੀ ਸਮਾਜ ਲਈ ਕੋਹੜ ਹੈ। ਸੋ ਸਿੱਖ ਸੰਕਲਪ ਅਪਨਾਓ ਸਭ ਮਸਲੇ ਸੁਲਝਾਓ। **********

ਸਫ਼ਾ 22 ਦਾ ਬਾਕੀ

ਖ਼ਾਲਸਾ ਫੌਜ ਦੀ ਮਦਦ ਨਾਲ ਸੰਸਾਰ ਯੁੱਧ ਵਿੱਚ ਅੰਗਰੇਜ਼ ਆਪਣੀਆਂ ਬੰਦਰਗਾਹਾਂ ਬਚਾ ਗਿਆ । ਨਹੀ ਤਾਂ ਜਰਮਨ ਨੇ ਹੜੱਪ ਕਰ ਲੈਣੀਆਂ ਸਨ । ਸੰਸਾਰ ਯੁੱਧ ਵਿੱਚ ਅੰਗਰੇਜ਼ਾਂ ਦੀ ਤਰਫੋਂ ਇੱਕ ਲੱਖ ਖ਼ਾਲਸਾ ਫੌਜ ਦੇ ਸਿਪਾਹੀ ਸ਼ਹੀਦ ਹੋਏ ਸਨ । ਇਹ ਦੇਖ ਕੇ ਅਗਰੇਜ ਅਸ਼ ! ਅਸ਼ ! ਕਰ ਉਠਿਆ ਸੀ । ਲੈਨਿਨ ਨੇ ਖ਼ਾਲਸਾ ਰਾਜ ਬਾਰੇ ਜਾਣਕਾਰੀ ਪ੍ਰਾਪਤ ਕਰਕੇ ਹੀ ਆਪਣੇ ਪੰਜ ਪਿਆਰਿਆਂ ਦੀ ਸਰਕਾਰ ਦਾ ਗਠਨ ਕੀਤਾ ਸੀ । ਅਤੇ ਰੂਸ ਸੰਸਾਰ ਦਾ ਤਾਕਤਵਰ ਦੇਸ ਬਣਿਆ । ਇਹ ਪਹਿਲੇ ਪੰਜ ਪਿਆਰੇ ਸਨ (1) ਲੈਨਿਨ (2) ਤਾਸ਼ਕੀ (3) ਸਟਾਲਿਨ (4) ਕਾਮੀਨੀਵ (5) ਬੁਖਾਰਿਨ ਅਤੇ ਛੇਵਾਂ ਇੱਕ ਵਾਧੂ ਜੀਨੋਵੀਵ । ਇਹਨਾਂ ਵਿੱਚ ਨੁਕਸ਼ ਏਹੀ ਸੀ ਕਿ ਇਹ ਰੱਬ ਵਲੋਂ ਮੁਨਕਰ ਹੋਣ ਕਰਕੇ ਇਹਨਾਂ ਦਾ ਗੱਠਜੋੜ ਟੁੱਟ ਗਿਆ ਤੇ ਬਾਅਦ ਵਿੱਚ ਸਟਾਲਿਨ ਹੀ ਸਭ ਕੁੱਝ ਹੋ ਗਿਆ । ਹੁਣ ਜੇ ਸਿੱਖ ਕੌਮ ਨੇ ਫਿਰ ਤੋਂ ਦੁਨੀਆਂ ਵਿੱਚ ਧਾਂਕ ਜਮਾਉਣੀ ਹੈ ਤਾਂ ਸਚਿਆਰੇ ਸਿੱਖਾਂ ਦੀ ਸੰਗਤ ਚੋਂ ਪੰਜ ਪਿਆਰਿਆਂ ਦੀ ਚੋਣ ਉਸੇ ਤਰੀਕੇ ਨਾਲ ਪ੍ਰਚੰਡ ਗਿਆਨ ਰਖਣ ਵਾਲਿਆਂ ਦੀ ਹੋਵੇ ਜਿਵੇਂ ਗੁਰੂ ਗੋਬਿੰਦ ਸਿੰਘ ਜੀ ਨੇ ਕੀਤੀ ਸੀ । ਉਹੀ ਸਿੱਖ ਕੌਮ ਦੀ ਅਗਵਾਈ ਕਰਨ ਤਾਂ ਸੰਸਾਰ ਵਾਲੇ ਆਪਣੇ ਆਪ ਇਹਨਾਂ ਨੂੰ ਰਾਜ ਕਰਨ ਲਈ ਸੱਦਾ ਦੇਣਗੇ ।

99147-01469

****

ਸਫ਼ਾ 27 ਦਾ ਬਾਕੀ

ਦੀ ਥਾਂ ਅੱਖਾਂ ਖੋਲ੍ਹ ਕੇ ਰੱਬੀ ਰਚਨਾ ਦੇ ਰੂਪ ਵਿੱਚੋਂ ਕਿਸੇ ਜੋਤੀ ਸਰੂਪ ਨੂੰ ਲੱਭਣ ਦਾ ਵਲ ਦੱਸਿਆ। ਸ਼ੋਕ ਇਹ ਹੈ ਕਿ ਸਾਡੇ ਵਿੱਚ ਉਨ੍ਹਾਂ ਦੇ ਉਪਦੇਸ਼ ਸੁਣ ਸਕਣ ਦਾ ਹੀਆ ਵੀ ਨਹੀਂ ਰਿਹਾ। ਉਨ੍ਹਾਂ ਦੀ ਜੀਵਨ-ਉਭਾਰੂ ਬਾਣੀ ਨੂੰ ਪੜ੍ਹਿਆ ਇਹ ਪਤਾ ਲੱਗਦਾ ਹੈ ਕਿ ਜਿਸ ਅਖ਼ਲਾਕੀ ਦਲੇਰੀ ਨਾਲ ਮਨੁੱਖ ਦੀ ਹਰ ਅਵਸਥਾ ਨੂੰ ਗੁਰੂ ਸਾਹਿਬ ਨੇ ਛੂਹਿਆ ਤੇ ਸੰਵਾਰਿਆ ਹੈ, ਮਨੁੱਖੀ ਹਿਰਦੇ ਦੇ ਵਲਵਲਿਆਂ ਨੂੰ ਕਥਨ ਕਰ ਕੇ ਪ੍ਰਵਾਨਗੀ ਦੀ ਮੁਹਰ ਲਾਈ ਹੈ। ਸਾਡੇ ਅਖ਼ਲਾਕ ਦੀ ਅਖੌਤੀ ਪਵਿੱਤਰਤਾਈ ਉਨ੍ਹਾਂ ਗੱਲਾਂ ਦੇ ਪੜ੍ਹਨ ਦੀ ਤਾਬ ਨਹੀਂ ਰੱਖਦੀ ਜਿਹੜੀਆਂ ਗੁਰੂ ਸਾਹਿਬ ਨੇ 'ਦਸਮ ਗ੍ਰੰਥ' ਵਿੱਚ ਇੱਕਤਰ ਕੀਤੀਆਂ ਹਨ।

ਗੁਰੂ ਸਾਹਿਬ ਦੀ ਕਵਿਤਾ ਵਿੱਚ ਅਜਬ ਜੋਬਨ ਹੈ, ਨਿਰਾਲੀ ਮਟਕ ਹੈ, ਅਨੋਖਾ ਰਸ ਤੇ ਲਾਸਾਨੀ ਬਲ ਹੈ। ਦਿਲੀ ਅਹਿਸਾਸਾਂ, ਰੀਝਾਂ, ਤਾਂਘਾਂ ਤੇ ਜਜ਼ਬਿਆਂ ਨੂੰ ਬੜੀ ਖੂਬੀ ਤੇ ਦਲੇਰੀ ਨਾਲ ਪ੍ਰਗਟ ਕੀਤਾ ਹੈ। ਏਡੀ ਦਲੇਰੀ, ਪਵਿੱਤਰ ਅਖ਼ਲਾਕ ਤੇ ਦ੍ਰਿੜ ਕਾਬੂ ਵਾਲੇ ਰਸਿਕ ਪੁਰਖ ਵਿੱਚ ਹੀ ਵੇਖੀ ਜਾ ਸਕਦੀ ਹੈ। ਸਾਡੇ ਪ੍ਰਚਲਤ ਅਖ਼ਲਾਕ ਦਾ ਪਰਦਾ ਏਡਾ ਪਤਲਾ ਹੈ ਕਿ ਮਾੜੇ ਜਿਹੇ ਵਲਵਲਿਆਂ ਦਾ ਸੇਕ ਵੀ ਨਹੀਂ ਸਹਾਰ ਸਕਦਾ। ਗੁਰੂ ਸਾਹਿਬ ਨੇ 'ਦਸਮ ਗ੍ਰੰਥ' ਵਿੱਚ ਦੱਸਿਆ ਹੈ ਕਿ ਜਿੰਨਾ ਚਿਰ ਝੂਠੀ ਲਜਿਆ ਦਾ ਘੁੰਗਟ ਉਤਾਰ ਕੇ ਅਸੀਂ ਜਿੰਦਗੀ ਨੂੰ ਮੂੰਹ-ਬ-ਮੂੰਹ ਅੱਖਾਂ ਭਰ ਕੇ ਵੇਖਣ ਦੀ ਦਲੇਰੀ ਪੈਦਾ ਨਹੀਂ ਕਰ ਸਕਦੇ, ਉਨਾ ਚਿਰ ਜ਼ਿੰਦਗੀ ਦੀ ਸਾਨੂੰ ਪੂਰੀ ਪਛਾਣ ਨਹੀਂ ਆ ਸਕਦੀ, ਤੇ ਜਿਸ ਦੀ ਪੂਰੀ ਪਛਾਣ ਨਹੀਂ, ਉਹਦਾ ਸਹਿਮ ਲੱਗਾ ਹੀ ਰਹੇਗਾ। ਜੇ ਪੂਰਨ ਤੌਰ ਉੱਤੇ ਨਿਰਭਓ ਹੋਣਾ ਲੋੜਦੇ ਹੋ, ਤਾਂ ਗੁਰੂ ਸਾਹਿਬ ਦੇ ਉਪਦੇਸ਼ ਅਨੁਸਾਰ ਤਕੜੇ ਹੋ ਕੇ ਜ਼ਿੰਦਗੀ ਨਾਲ ਅੱਖ ਮਿਲਾਓ। ਜਿਥੇ ਤੁਸੀਂ ਅੱਖ ਨੀਵੀਂ ਕੀਤੀ, ਉਥੇ ਉਸ ਨੇ ਤੁਹਾਡੇ ਉਤੇ ਪਲਾਕੀ ਮਾਰੀ, ਤੇ ਹਯਾ ਦੀ, ਰਸਮ ਦੀ, ਪਾਪ ਦੀ ਪੁੰਨ ਦੀ ਜਿਹੜੀ ਵੀ ਲਗਾਮ ਚੜ੍ਹਦੀ ਹੋਵੇ ਉਹ ਇਹ ਚੜ੍ਹਾ ਦੇਵੇਗੀ।

(ਰਚੇਤਾ: ਸ. ਗੁਰਬਖਸ਼ ਸਿੰਘ ਪ੍ਰੀਤਲੜੀ)

****

ਸਿੰਗਾਂ ਵਾਲੇ ਗਧੇ

ਅਸੀਂ ਤਾਂ ਤੱਤੇ ਦਿਮਾਗ ਨਾਲ ਸੋਚਾਂਗੇ



ਪ੍ਰੋ: ਜਸਵੰਤ ਸਿੰਘ ਕੈਲਵੀ

ਡਾਕੀਆ ਅਜੇ ਤਕ ਡਾਕ ਵੰਡ ਕੇ ਨਹੀਂ ਸੀ ਗਿਆ। ਗਰਮੀ ਲੋਹੜੇ ਦੀ ਪੈ ਰਹੀ ਸੀ। ਦੁਪਹਿਰ ਦੇ ਦੋ ਢਾਈ ਵੱਜੇ ਸਨ। ਰੋਟੀ ਖਾਣ ਤੋਂ ਬਾਅਦ ਹੁਣ ਉਸ ਨੂੰ ਡਾਢੀ ਨੀਂਦਰ ਆ ਰਹੀ ਸੀ। ਉਹ ਜਾਗਣਾ ਚਾਹੁੰਦਾ ਸੀ। ਅਖਬਾਰ ਦੇ ਸੰਡੇ ਐਡੀਸ਼ਨ ਵਿੱਚ ਛਪੀ ਆਪਣੀ ਕਹਾਣੀ ਬਾਰੇ ਕਿਸੇ ਨਾ ਕਿਸੇ ਪਾਠਕ ਜਾਂ ਪਾਠਿਕਾ ਦੇ ਉਤਸ਼ਾਹ ਭਰਪੂਰ ਪੱਤਰ ਦੀ ਉਹਨੂੰ ਉਡੀਕ ਸੀ। ਪਰ ਨੀਂਦਰ ਦੇ ਜ਼ੋਰ ਪਾਉਣ ਤੇ ਪੱਖਾ ਚਲਾ ਕੇ ਉਹ ਕੱਛੇ ਬੁਨੈਣ ਵਿੱਚ ਹੀ ਲੇਟ ਗਿਆ।

ਘੰਟੇ ਕੁ ਮਗਰੋਂ ਜ਼ੋਰ ਸ਼ੋਰ ਦੀ ਬਾਹਰਲੇ ਗੇਟ ਨੂੰ ਲਗਾਤਾਰ ਵੱਜੇ ਧਕਿਆਂ ਦੇ ਖੜਾਕ ਨਾਲ ਉਹ ਇਕ ਦਮ ਚੌਂਕ ਕੇ ਉੱਠਿਆ। ਕਾਹਲੀ ਨਾਲ ਪਾਜਾਮਾ ਅੜਾਉਂਦਾ ਤੇ ਨਾਲਾ ਬੰਨ੍ਹਦਾ ਹੀ ਉਹ ਬਾਹਰਲੇ ਗੇਟ ਵਲ ਅਹੁਲਿਆ। ਅੱਗੇ ਗੁਰਦੁਆਰੇ ਦਾ ਪ੍ਰਧਾਨ ਗੁਰਮੁਖ ਸਿੰਘ ਭੂਤਰੇ ਸਾਨ੍ਹ ਵਾਂਗ ਦਰਵਾਜ਼ਾ ਭੰਨ ਰਿਹਾ ਸੀ।

'ਮਖਿਆ! ਕਿੰਨੀ ਦੇਰ ਤੋਂ ਗੇਟ ਖੜਕਾ ਰਿਹਾ, ਕੀ ਗੱਲ ਲੇਖਕ ਸਾਹਿਬ! ਘੋੜੇ ਵੇਚ ਕੇ ਸੁੱਤੇ ਪਏ ਹੋ? ਬਾਹਰਲੀ ਬੈੱਲ ਨਹੀਂ ਵੱਜਦੀ ਤੁਹਾਡੀ?'

'ਬੈੱਲ ਤਾਂ ਠੀਕ ਹੈ, ਉਈਂ ਅੰਦਰੋਂ ਸਵਿੱਚ ਬੰਦ ਕੀਤੈ। ਸਕੂਲੋਂ ਹੋਈ ਛੁੱਟੀ ਸਮੇਂ ਲੰਘਦੇ ਜੁਆਕ ਬੈੱਲ ਦਾ ਬਟਨ ਦੱਬ ਕੇ ਪ੍ਰੇਸ਼ਾਨ ਕਰਦੇ ਰਹਿੰਦੇ ਨੇ। ਆਓ, ਆਓ ਤੁਸੀਂ ਅੰਦਰ ਲੰਘ ਆਓ। ਬਾਹਰ ਬੜੀ ਗਰਮੀ ਏ।'

ਲੇਖਕ ਨੇ ਪ੍ਰਧਾਨ ਜੀ ਲਈ ਸਾਰਾ ਗੇਟ ਇਉਂ ਫਟਾ ਫਟ ਖੋਲ੍ਹ ਦਿੱਤਾ ਜਿਵੇਂ ਕਿ ਸਾਡੇ ਦੇਸ਼ ਦੇ ਪਿਆਰੇ ਪ੍ਰਭੂਆਂ ਨੇ ਸਾਮਰਾਜੀ ਦੇਸ਼ਾਂ ਦੀਆਂ ਕੰਪਨੀਆਂ ਦੀ ਅੰਨ੍ਹੀ ਲੁੱਟ ਲਈ ਸਾਰੇ ਦਰਵਾਜ਼ੇ ਹੀ ਚੁਪੱਟ ਖੋਲ੍ਹ ਰੱਖੇ ਨੇ।

ਪ੍ਰਧਾਨ ਜੀ ਨੂੰ ਸਤਿਕਾਰ ਸਹਿਤ ਡਰਾਇੰਗ ਰੂਮ ਵਿੱਚ ਲਿਆ ਕੇ ਸੋਫੇ ਤੇ ਸਜਾਉਣ ਮਗਰੋਂ ਲੇਖਕ ਨੇ ਹਲਕੀ ਜਿਹਾ ਮੁਸਕਰਾਹਟ ਨਾਲ ਪੁਛਿਆ, 'ਠੰਡਾ ਜਲ ਲਿਆਵਾਂ?' ਤੇ ਉੱਤਰ ਉਡੀਕੇ ਬਗੈਰ ਹੀ ਉਸ ਫਰਿੱਜ ਖੋਲ੍ਹ ਕੇ ਠੰਡੇ ਪਾਣੀ ਦੀ ਬੋਤਲ ਲਿਆ ਕੇ ਪ੍ਰਧਾਨ ਜੀ ਨੂੰ ਪਾਣੀ ਦਾ ਗਲਾਸ ਪੇਸ਼ ਕੀਤਾ।

ਇਕੋ ਡੀਕ ਵਿੱਚ ਗਲਾਸ ਖਾਲੀ ਕਰਦੇ ਹੋਏ ਪ੍ਰਧਾਨ ਜੀ ਬੋਲੇ:

'ਅਖਬਾਰ ਦੇ ਸੰਡੇ ਐਡੀਸ਼ਨ ਵਿੱਚ ਜਿਹੜੀ ਕਹਾਣੀ ਤੁਸਾਂ ਛਪਵਾਈ ਏ, ਮੈਂ ਉਹਦੇ ਬਾਰੇ ਗੱਲ ਕਰਨ ਆਇਆ।'

'ਕਿਉਂ ਨਹੀਂ, ਜ਼ਰੂਰ ਕਰੋ। ਕਹਾਣੀ ਤੁਸਾਂ ਪੜ੍ਹੀ ਏ? ਚੰਗੀ ਲੱਗੀ ਏ ਤੁਹਾਨੂੰ? ਮੇਰੀਆਂ ਕਾਫੀ ਕਹਾਣੀਆਂ ਪਹਿਲਾਂ ਹੀ ਛਪ ਚੁਕੀਆਂ ਨੇ। ਕਹਾਣੀਆਂ ਦੀ ਇਕ ਪੂਰੀ ਦੀ ਪੂਰੀ ਕਿਤਾਬ ਵੀ।' ਲੇਖਕ ਨੇ ਉਛਾਲ ਵਿੱਚ ਆ ਕੇ ਕਿਹਾ।

'ਪੜ੍ਹੀ ਏ। ਪ੍ਰੋ: ਚੁਆਤੀ ਲਾਲ ਜੀ ਅਖਬਾਰ ਦੇ ਗਏ ਸਨ। ਤਾਂ ਹੀ ਤਾਂ ਆਇਆਂ ਇਹ ਪੁੱਛਣ, ਕਿ ਕੀ ਤੁਸਾਂ ਲੋਕਾਂ ਦੀਆਂ ਪੱਗਾਂ ਉਛਾਲਣ ਦਾ ਠੇਕਾ ਲਿਆ ਹੋਇਐ?'

'ਕੀ ਮਤਲਬ? ਮੈਂ ਸਮਝਿਆ ਨਹੀਂ।'

'ਲੇਖਕ ਸਾਹਿਬ ! ਮਚਲੇ ਨਾ ਬਣੋ, ਤੁਸਾਂ ਇਹ ਸਾਰੀ ਦੀ ਸਾਰੀ ਕਹਾਣੀ ਮੇਰੇ ਬਾਰੇ ਲਿਖੀ ਏ। ਇਹ ਠੀਕ ਏ ਤੁਸਾਂ ਕਹਾਣੀ ਵਿੱਚ ਸਿੱਧੇ ਤੌਰ ਤੇ ਮੇਰਾ ਨਾਂ ਨਹੀਂ ਲਿਆ। ਨਾਂ ਗੁਰਮੁਖ ਸਿੰਘ ਦੀ ਬਜਾਏ ਪਿਆਰਾ ਸਿੰਘ ਲਿਖ ਦਿਤੈ ਤਾਂ ਕੀ ਹੋਇਆ। ਕੀ ਮੈਂ ਏਨਾ ਮੂਰਖ ਆਂ ਜੋ ਤੁਹਾਡੀਆਂ ਚਾਲਾਂ 'ਕਰਤੂਤਾਂ' ਨੂੰ ਨਹੀਂ ਸਮਝਦਾ। ਪੁਰਾਣੀਆਂ ਅੱਠ ਜਮਾਤਾਂ ਪਾਸ ਹਾਂ। ਸ਼ਹਿਰ ਦੇ ਪਤਵੰਤੇ ਬੰਦਿਆਂ 'ਚੋਂ ਮੋਹਰੀ ਹਾਂ। ਤੇ ਮੇਰੇ ਕਾਰਖਾਨੇ ਚਲਦੇ ਹਨ। ਮੈਂ ਇਹ ਦਸਣ ਆਇਆਂ ਕਿ ਮੈਂ ਤੁਹਾਡੀ ਕਲਮ ਨਹੀਂ, ਸਗੋਂ ਤੁਹਾਡੀਆਂ ਟੰਗਾਂ ਤੋੜ ਕੇ ਰੱਖ ਦਿਆਂਗਾ। ਜੇ ਮੁੜ ਕੇ ਤੁਸਾਂ ਅਜਿਹੀ ਕਰਤੂਤ ਘੋਲੀ।'

ਲੇਖਕ ਬੋਲਿਆ, 'ਪ੍ਰਧਾਨ ਸਾਹਿਬ! ਤੁਸੀਂ ਤਾਂ ਪਤਵੰਤੇ ਤੇ ਗੁਰਮੁਖ ਬੰਦੇ ਹੋ। ਕਈ ਸਾਲਾਂ ਤੋਂ ਗੁਰੂ ਘਰ ਦੇ ਕਾਰਜਾਂ 'ਚ ਲੱਗੇ ਹੋਏ ਹੋ, ਤੁਹਾਨੂੰ ਗਲਤ ਫਹਿਮੀ ਹੋਈ ਏ। ਲੇਖਕ ਵਜੋਂ ਮੇਰਾ ਸਬੰਧ ਕਲਪਣਾ ਨਾਲ ਏ ਤੇ ਮੈਂ ਆਪਣੀ ਕਲਪਣਾ ਦੇ ਸਹਾਰੇ ਹੀ ਇਹ ਕਹਾਣੀ ਘੜੀ ਹੈ।

'ਹਾਂ, ਹਾਂ, ਇਹ ਤਾਂ ਤੁਸੀਂ ਮੰਨਦੇ ਪਏ ਓ ਨਾ ਕਿ ਤੁਹਾਡਾ ਸਬੰਧ ਕਿਸੇ ਕਲਪਣਾ ਨਾਲ ਹੈ ਤੇ ਕਲਪਣਾ ਦੇ ਸਹਾਰੇ ਹੀ.....। ਜੇ ਤੁਹਾਡਾ ਸਬੰਧ ਕਲਪਣਾ ਨਾਲ ਜੁੜ ਸਕਦਾ ਏ ਤਾਂ ਮੇਰਾ ਕੁਲਦੀਪ ਨਾਲ ਕਿਉਂ ਨਹੀਂ ਜੁੜ ਸਕਦਾ। ਆਖਰਕਾਰ ਜੇ ਮੇਰੀ ਵਹੁਟੀ ਅਕਾਲ ਚਲਾਣਾ ਕਰ

ਗਈ ਹੈ ਤਾਂ ਮੈਂ ਵੀ ਤੇ ਗੁਜ਼ਾਰਾ ਕਰਨਾ ਈ ਏ।'

'ਪ੍ਰਧਾਨ ਜੀ, ਕੀ ਕਹਿ ਰਹੇ ਹੋ ਤੁਸੀਂ? ਜ਼ਰਾ ਠੰਡੇ ਦਿਮਾਗ ਨਾਲ ਸੋਚੋ! ਮੇਰਾ ਮਤਲਬ......।'

'ਜਾਣਦਾ ਤੇਰੇ ਮਤਲਬ ਨੂੰ ਮੈਂ ! ਤੂੰ ਮੀਸਣਾ ਬਣਦਾ ਏਂ। ਮੈਂ ਤਾਂ ਵੱਡਿਆਂ ਵੱਡਿਆਂ ਦੇ ਸਿੰਗ ਝਾੜ ਦਿੱਤੇ ਨੇ, ਤੂੰ ਕਿਹੜੇ ਬਾਗ ਦੀ ਮੂਲੀ ਏਂ? ਆਪਣੀ ਔਕਾਤ ਜਾਣਦਾ ਏ? ਤੈਨੂੰ ਇਸ ਕਹਾਣੀ ਦੇ ਕਿੰਨੇ ਪੈਸੇ ਦੇਣਗੇ ਭਲਾ ਅਖਬਾਰ ਵਾਲੇ?'

'ਮੈਂ ਕੇਵਲ ਪੈਸਿਆਂ ਲਈ ਨਹੀਂ ਲਿਖਦਾ। ਦੇ ਦੇਂਦੇ ਨੇ ਉਹ ਸੱਠ ਸੱਤਰ ਰੁਪਏ। ਮੈਂ ਤਾਂ ਸਮਾਜ ਵਿਚਲੀਆਂ ਬੁਰਾਈਆਂ ਨੂੰ ਨੰਗਾ ਕਰਨ ਦਾ ਯਤਨ ਕਰਦਾ ਹਾਂ।'

'ਨਾ ਤੂੰ ਕੋਈ ਸਮਾਜ ਸੁਧਾਰ ਦਾ ਠੇਕਾ ਲਿਆ ਹੋਇਐ? ਨਾ ਕਦੇ ਤੂੰ ਗੁਰਦੁਆਰੇ ਆਇਐਂ। ਨਾ ਕੋਈ ਪਾਠ, ਨਾ ਕੋਈ ਪੂਜਾ। ਨਾਸਤਕ ਹੈਂ ਤੂੰ ਤਾਂ। ਗੁਰੂ ਘਰ ਦੇ ਪ੍ਰੇਮੀਆਂ ਤੇ ਹੀ ਚੋਟਾਂ ਕਰਦਾ ਫਿਰਦੈਂ। ਜੇ ਤੇਰਾ ਗੁਜ਼ਰ ਗੁਜ਼ਾਰਾ ਨਹੀਂ ਹੁੰਦਾ ਤਾਂ ਮੇਰੇ ਕਾਰਖਾਨੇ ਆ ਜਾਈਂ। ਅਸੀਂ ਤੈਨੂੰ ਕਲਰਕ ਭਰਤੀ ਕਰ ਲੈਨੇ ਆਂ।'

'ਪ੍ਰਧਾਨ ਜੀ, ਤੁਹਾਨੂੰ ਕਿਸੇ ਨੇ ਚੁੱਕ ਦਿੱਤੈ ਖਾਹ ਮਖਾਹ', ਲੇਖਕ ਨੇ ਜ਼ਬਤ ਕਾਇਮ ਰਖਦੇ ਹੋਏ ਆਖਿਆ। 'ਦਰਅਸਲ ਮੈਂ ਇਕ ਦਾਰੂ ਦੀ ਮਹਿਫਲ ਚਲ ਰਹੀ ਸੀ। ਵਿੱਚ ਬੈਠੇ ਸਨ ਇੱਕ ਸੱਜਣ ਕਛਹਿਰਾ ਪਾ ਕੇ। ਮੇਰੀ ਜਾਣ ਪਛਾਣ ਕਰਾਉਂਦਿਆਂ ਮੇਰੇ ਰਿਸ਼ਤੇਦਾਰ ਨੇ ਦੱਸਿਆ ਕਿ ਇਹ ਦਿ ਲੀ ਦੇ ਇੱਕ ਪ੍ਰਸਿੱਧ ਇਤਿਹਾਸਿਕ ਗੁਰਦੁਆਰੇ ਦੇ ਮਨੇਜਰ ਹਨ।

'ਮੈਨੇਜਰ!' ਮੈਂ ਸੁਣ ਕੇ ਹੈਰਾਨ ਹੋਇਆ। ਬਾਅਦ ਵਿੱਚ ਉਨ੍ਹਾਂ ਬਾਰੇ ਜਿਨ੍ਹਾਂ ਜਿਨ੍ਹਾਂ ਗੱਲਾਂ ਦਾ ਮੈਨੂੰ ਪਤਾ ਲੱਗਾ ਮੈਂ ਉਹਦੇ ਆਧਾਰ ਉੱਤੇ ਹੀ ਇਹ ਕਹਾਣੀ ਸਿਰਜੀ ਏ। ਤੁਸੀਂ ਤਾਂ ਐਵੇਂ ਹੀ.....।'

'ਮੈਂ ਸ਼ਰਾਬ ਪੀਂਦਾ ਹਾਂ। ਔਰਤ ਬਾਜ਼ ਹਾਂ। ਗੁਰਦੁਆਰੇ ਦੀ ਗੋਲਕ ਦਾ ਚੋਰ ਹਾਂ ਤੇ ਸਭ ਕੁੱਝ ਹਾਂ ਪਰ ਤੂੰ ਯਾਦ ਰੱਖੀ ਤੇਰੀ ਟਿੰਡ ਫਹੁੜੀ ਚੁੱਕ ਕੇ ਜੇ ਮੁਹੱਲਿਓਂ ਬਾਹਰ ਨਾ ਕੀਤਾ ਤਾਂ ਮੇਰਾ ਨਾਂ ਵੀ ਗੁਰਮੁਖ ਸਿੰਘ ਨਹੀਂ।'

'ਪ੍ਰਧਾਨ ਜੀ, ਜ਼ਰਾ ਠੰਡੇ ਦਿਮਾਗ ਨਾਲ ਸੋਚਿਆ ਜਾਂਦਾ।' 'ਸਾਡਾ ਦਿਮਾਗ ਤਾਂ ਤੱਤਾ ਹੋ ਕੇ ਹੀ ਕੁੱਝ ਸੋਚ ਸਕਦਾ ਏ। ਠੰਡੇ ਦਿਮਾਗ ਨਾਲ ਤੁਸੀਂ ਬੁੱਧੀਜੀਵੀ ਲੇਖਕ ਸੋਚੀ ਜਾਓ। ਲਿਆ, ਮੇਰੇ ਸਿਰ ਵਿੱਚ ਠੰਡਾ ਪਾਣੀ ਪਾ ਤਾਂ ਕਿ ਮੈਂ ਠੰਡੇ ਦਿਮਾਗ ਨਾਲ ਸੋਚ ਸਕਾਂ। ਜੇ ਮੈਂ ਚਾਰ ਯਾਰਾਂ 'ਚ ਬਹਿ ਕੇ ਸ਼ਾਮ ਨੂੰ ਦੋ ਘੁੱਟ ਲਾ ਲੈਨਾਂ ਤਾਂ ਤੇਰੇ ਢਿੱਡ ਵਿੱਚ ਕਿਉਂ ਮਰੋੜ ਉੱਠਦੇ ਨੇ? ਅਖੇ-ਗੁਰਦੁਆਰੇ ਦੀ ਪ੍ਰਧਾਨਗੀ ਨਹੀਂ ਛੱਡਦਾ। ਜਾਹ, ਨਹੀਓਂ ਛੱਡਦਾ, ਜੇ ਤੂੰ ਛੁਡਾ ਸਕਦੈਂ ਤਾਂ ਛੁਡਾ ਕੇ ਵੇਖ ਲਾ। ਬਾਕੀ ਤੂੰ ਕਹਾਣੀ ਵਿੱਚ ਲਿਖਿਐ ਨਾ ਕਿ ਉਹਦੇ ਤੀਵੀਆਂ ਨਾਲ ਸਬੰਧ ਹਨ। ਜੇ ਗੁਰਦੁਆਰੇ ਦੇ ਪ੍ਰਧਾਨ ਦੇ ਬੀਬੀਆਂ ਨਾਲ ਸੰਬੰਧ ਨਹੀਂ ਹੋਣਗੇ ਤਾਂ ਕੀ ਫੇਰ ਭੇਡਾਂ ਬੱਕਰੀਆਂ ਨਾਲ ਹੋਣਗੇ? ਪ੍ਰਧਾਨ ਪਾਸ ਤਾਂ ਬੀਬੀਆਂ ਵੀ ਆਉਣਗੀਆਂ, ਬੀਬੇ ਵੀ ਆਉਣਗੇ। ਸਾਨੂੰ ਤਾਂ ਹਰੇਕ ਦੀ ਸੇਵਾ ਸੰਭਾਲ ਕਰਨੀ ਪੈਂਦੀ ਏ ਨਾ ਆਖਰ!'

ਲੇਖਕ ਕਹਿਣ ਲੱਗਾ, 'ਪ੍ਰਧਾਨ ਜੀ, ਪਤੈ ਸਿੱਖ ਕੌਮ ਨੇ ਆਪਣੇ ਸੀਸ ਭੇਟ ਕਰਕੇ ਤਕੜੀ ਜਦੋਂ ਜਹਿਦ ਤੇ ਕੁਰਬਾਨੀਆਂ ਤੋਂ ਬਾਅਦ ਗੁਰਦਵਾਰਿਆਂ ਨੂੰ ਮਹੰਤਾਂ ਤੋਂ ਆਜ਼ਾਦ ਕਰਵਾਇਆ। ਗੁਰਦੁਆਰਿਆਂ ਅੰਦਰ ਸਿੱਖੀ ਕਿਰਦਾਰ ਦੀ ਘਾੜਤ ਘੜੀ ਜਾਂਦੀ ਹੈ। ਸਿੱਖਾਂ ਦੀ ਸਰੀਰਕ, ਮਾਨਸਿਕ, ਆਤਮਿਕ, ਬੌਧਿਕ ਤੇ ਅਧਿਆਤਮਕ ਉਨਤੀ ਲਈ ਪ੍ਰੋਗਰਾਮ ਉਲੀਕੇ ਜਾਂਦੇ ਨੇ। ਤੁਸੀਂ ਮੈਨੂੰ ਤਾਂ ਨਾਸਤਕ ਕਹਿ ਰਹੇ ਹੋ ਤੁਸੀਂ ਇਹ ਦੱਸੋ। ਦਾੜ੍ਹੀ ਤੁਸੀਂ ਕੱਟਦੇ ਹੋ। ਅੰਮ੍ਰਿਤਧਾਰੀ ਤੁਸੀਂ ਨਹੀਂ ਹੋ। ਬਾਕੀ ਸਿਫਤਾਂ ਤੁਸੀਂ ਆਪ ਹੀ ਦੱਸ ਚੁੱਕੇ ਹੋ ਤੇ ਬਣੇ ਫਿਰਦੇ ਹੋ ਗੁਰਦੁਆਰੇ ਦੇ ਪ੍ਰਧਾਨ। ਤੁਹਾਨੂੰ ਪੁੱਛਣ ਟੋਕਣ ਵਾਲਾ ਕੋਈ ਨਹੀਂ?'

ਪ੍ਰਧਾਨ ਜੀ, ਨੱਕ 'ਚੋਂ ਅਠੂਹੇਂ ਸੁੱਟਦੇ ਹੋਏ ਉੱਠੇ,'...... ਓਏ ਤੇਰੀ ਇਹ ਮਜਾਲ! ਤੂੰ ਘਰ ਆਇਆਂ ਦੀ ਪਾਣ ਪੱਤ ਲਾਹੁਨੈਂ?'

'ਮੈਂ ਕਿਸੇ ਵੀ ਘਰ ਆਏ ਦੀ ਪਾਣ ਪੱਤ ਨਹੀਂ ਲਾਹੁੰਦਾ। ਤੁਹਾਡੇ ਵਰਗੇ ਮਹਾਂਪੁਰਖ ਹੀ ਸਾਰੀ ਕੌਮ ਦੀ ਪਾਣ ਪੱਤ ਨੂੰ ਚਾਰ ਚੰਨ ਲਾ ਰਹੇ ਹਨ। ਮੇਰੀ ਕਹਾਣੀ ਪੜ੍ਹ ਕੇ ਤੁਹਾਡੇ ਕਰੋਧ ਨੂੰ ਉਬਾਲਾ ਆਇਆ ਹੈ, ਜੇ ਤੁਹਾਡੀ ਅਕਲ ਨੂੰ ਕੁੱਝ ਉਬਾਲਾ ਆਉਂਦਾ, ਤੁਸੀਂ ਠੰਡੇ ਦਿਮਾਗ ਨਾਲ ਸੋਚਦੇ ਤਾਂ ਸ਼ਾਇਦ ਤੁਹਾਡਾ ਵੀ ਕੁੱਝ ਭਲਾ ਹੁੰਦਾ ਤੇ ਕੌਮ ਦਾ ਵੀ। ਪਰ ਤੁਸਾਂ ਤਾਂ ਮਨ ਨੂੰ ਆਕਾਸ਼ ਤੇ ਟੰਗਿਆ ਹੋਇਆ ਤੇ ਅਕਲ ਕੁੱਤੀ ਨੂੰ ਸੁੱਟਿਆ ਹੈ ਖੂਹ ਵਿੱਚ। ਤੁਹਾਡੇ ਵਰਗੇ ਗੁਰਮੁਖ ਜੇ ਏਸੇ ਤਰ੍ਹਾਂ ਕੌਮ ਤੇ ਧਰਮ ਦੀ ਸੇਵਾ ਕਰਦੇ ਰਹੇ ਤਾਂ ਫੇਰ ਇਸ ਨੂੰ ਕਿਸੇ ਵੀ ਦੁਸ਼ਮਣ ਦੀ ਲੋੜ ਨਹੀਂ, ਬਾਕੀ ਮੇਰੀਆਂ ਟੰਗਾਂ ਹਾਜ਼ਰ ਹਨ ਤੋੜਨ ਲਈ। ਹੁਣੇ ਤੋੜਨੀਆਂ ਨੇ ਤਾਂ ਤੋੜਦੇ ਜਾਓ ਫੇਰ ਤੋੜਨੀਆਂ ਨੇ ਤਾਂ ਜਦੋਂ ਮਰਜ਼ੀ ਆ ਜਾਣਾ।'

ਗੁਰਮੁਖ ਸਿੰਘ ਝੱਗ ਛੱਡਦਾ ਗੇਟੋਂ ਬਾਹਰ ਹੋ ਗਿਆ। ਲੇਖਕ ਸਿਰ ਫੜ ਕੇ ਬੈਠ ਗਿਆ ਤੇ ਦਿਮਾਗ ਠੰਡਾ ਕਰਕੇ ਸੋਚਣ ਲੱਗਾ:

ਕਿਹੋ ਜਿਹੇ ਗੁਰਮੁਖ ਪਰਉਪਕਾਰੀ ਪੈਦਾ ਹੋ ਗਏ ਨੇ! ਸੱਚ ਹੀ ਤਾਂ ਕਿਹਾ ਸੀ ਬਾਬੇ:

'ਅੰਧਾ ਆਗੂ ਜੇ ਥੀਐ ਕਿਉਂ ਪਾਧਰੁ ਜਾਣੈ॥

9878381474

****

ਵਿਅੰਗ ਚੌਕੇ



ਪ੍ਰੋ: ਜਸਵੰਤ ਸਿੰਘ ਕੈਲਵੀ

❀ ਡੇਰੇ ❀

ਗੁਰੂ ਡੰਮ ਦਾ ਡਮਰੂ ਖੜਕਦਾ ਏ,
ਪੈਰ ਪੈਰ ਤੇ ਉਸਰੇ ਵੇਖ ! ਡੇਰੇ !
ਠੱਗਾਂ ਅਪਣਾ ਜਾਲ ਵਿਛਾ ਰੱਖਿਆ,
ਡੋਲੇ ਭਾਲੇ ਮੱਤਹੀਣ ਨੇ ਲੋਕ ਘੇਰੇ।
ਖੀਰਾਂ ਦੁੱਧ ਫਰੂਟ ਸ਼ਰਾਬ ਕੁੱਕੜ,
ਮੂਰਖ ਭੇਟ ਕਰਦੇ ਫਿਰਦੇ ਵਿੱਚ ਨੇਰ੍ਹੇ।
ਕਿਸੇ ਸਾਧ ਦਾ ਬਣ ਜਾ ਤੂੰ ਚੇਲਾ,
ਫਿਰ ਜਾਣਗੇ 'ਕੈਲਵੀ' ਦਿਨ ਤੇਰੇ।

----- 0 -----

❀ ਕੁਰਸੀ ❀

ਕਦਰ ਕੁਰਸੀ ਦੀ ਹੈ ਜਹਾਨ ਅੰਦਰ,
ਕੌਣ ਮੇਜ਼ ਸਟੂਲ ਨੂੰ ਪੁੱਛਦਾ ਹੈ ?
ਬਹਿੰਦਾ ਕੁਰਸੀ ਤੇ ਚੌਂਕੜਾ ਮਾਰ ਜਿਹੜਾ
ਪੈਸਾ ਚਾਰ ਚੁਫੇਰਿਉਂ ਮੁੱਛਦਾ ਹੈ।
ਕੁਰਸੀ ਖਿਸਕਦੀ ਜਦੋਂ ਹੈ ਨਜ਼ਰ ਆਉਂਦੀ,
ਨੇਤਾ ਤੜਫਦਾ ਕਲਪਦਾ ਲੁੱਛ ਦਾ ਹੈ।
ਰਾਜਨੀਤੀ ਦੀ ਖੇਡ ਵਿੱਚ ਕੈਲਵੀ ਜੀ
ਕੀ ਹਾਲ ਗਰੀਬ ਜਾਂ ਤੁੱਛ ਦਾ ਹੈ।

----- 0 -----

❀ ਕਮਾਈ ❀

ਭਾਵੇਂ ਲੱਖ ਉਪਦੇਸ਼ਕ ਉਪਦੇਸ਼ ਦੇਂਦੇ,
ਲੋਕ ਹੱਕ ਦੀ ਕਦੋਂ ਕਮਾਈ ਕਰਦੇ?
ਦੁੱਧ ਵਿੱਚ ਸਪਰੇਟਾ ਮਿਲਾ ਵੇਚਣ, ਵੇਖ !
ਕਿਸ ਤਰ੍ਹਾਂ ਦੋਧੀ ਹਲਵਾਈ ਕਰਦੇ?
ਡਾਕਟਰ ਟੈਸਟਾਂ ਦੇ ਵਿੱਚ ਕਮਿਸ਼ਨ ਲੈਂਦੇ,
ਫੇਰ ਜਾ ਕੇ ਯਾਰ ਦਵਾਈ ਕਰਦੇ।
ਏਥੋਂ ਤੱਕ ਕਿ ਕੈਲਵੀ ਗੁਰਦੁਆਰੇ,
ਪੱਤਰੇ ਪਲਟ ਕੇ ਪਾਠ ਨੇ ਭਾਈ ਕਰਦੇ।

----- 0 -----

❀ ਰੱਬ / ਭੱਈਆ ❀

ਆਪ ਕੰਮ ਨਾ ਜਦੋਂ ਅਸੀਂ ਕਰ ਸਕੀਏ,
ਵਾਜਾਂ ਮਾਰੀਏ ਆ ਕੇ ਕਰੀਂ ਭੱਈਆ।
ਵੱਡੀ ਜਦੋਂ ਸਮੱਸਿਆ ਬਣੇ,
ਰੱਬ ਨੂੰ ਕਰੀਏ ਬੇਨਤੀ ਸਾਡੀ ਲਾ ਪਾਰ ਨੱਈਆ।
ਖਾਈਏ ਖਰਚੀਏ ਕਰੀਏ ਮੌਜ ਮਸਤੀ,
ਸਾਡੇ ਸਿਰ ਤੇ ਰੱਖ ਤੂੰ ਹੱਥ ਮਈਆ।
ਡੱਕਾ ਇੱਕ ਨਾ ਤੋੜੀਏ ਕੈਲਵੀ ਜੀ,
ਤਾਂ ਵੀ ਜ਼ਿੰਦਗੀ ਦਾ ਰੁੜ੍ਹਦਾ ਰਹੇ ਪਹੀਆ।

----- 0 -----

❀ ਜ਼ਹਿਰ ❀

ਲੋਭ ਲਾਲਚ ਨੇ ਮਾਰੀ ਹੈ ਮੱਤ ਸਾਡੀ,
ਜ਼ਹਿਰ ਵੰਡ ਰਹੇ ਹਾਂ ਜ਼ਹਿਰ ਖਾ ਰਹੇ ਹਾਂ।
ਸਿਹਤਮੰਦ ਹਾਂ ਕਿਸ ਤਰ੍ਹਾਂ ਰਹਿ ਸਕਦੇ?
ਫੱਕੇ ਮਾਰ ਜੋ ਗੋਲੀਆਂ ਖਾ ਰਹੇ ਹਾਂ।
ਮਾਂ ਦਾ ਦੁੱਧ ਵੀ ਹੁਣ ਤੇ ਜ਼ਹਿਰ ਭਰਿਆ
ਜ਼ਹਿਰ ਧਰਤ ਦੀ ਕੁੱਖ ਵਿੱਚ ਪਾ ਰਹੇ ਹਾਂ।
ਬਣੇ ਜ਼ਿੰਦਗੀ ਦੇ ਅਸੀਂ ਆਪ ਕਾਤਿਲ
ਰਾਹ ਸਿਵਿਆਂ ਦੇ ਕੈਲਵੀ ਜਾ ਰਹੇ ਹਾਂ।

----- 0 -----

9878381474



ਸਿਫ਼ਤੀ ਤਾ ਘਰ ਮਕਤਲ ਬਣਿਆ

(ਬਲਿਊ ਸਟਾਰ ਅਪਰੇਸ਼ਨ ਸ੍ਰੀ ਹਰਿਮੰਦਰ ਸਾਹਿਬ ਦੁਖਾਂਤ)

ਮਨਮੋਹਨ ਸਿੰਘ ਦਾਊਂ

ਝੱਲ ਨਾ ਹੋਵੇ ਜ਼ਿੱਲਤ ਹੁਣ ਤਾਂ
ਦੱਸ ਨਾ ਹੋਵੇ ਵਿਥਿਆ,
ਦਰਦ ਪਹਾੜਾਂ ਜਿੱਡਾ ਗੁੰਮ-ਸੁੰਮ
ਹੰਝੂ-ਹੀਣ ਨੈਣਾਂ ਵਿੱਚ ਡੁੱਬਿਆ
ਅੰਦਰੇ ਅੱਗ ਤੇ ਅੰਦਰੇ ਧੂੰਆਂ
ਏਦਾਂ ਵੀ ਸੀ ਜੂਨ ਹੰਢਾਉਣੀ।
ਮਮਤਾ ਅਤੇ ਮਾਸੂਮਾਂ ਪਿੰਡੇ
ਅੱਤਿਆਚਾਰ, ਕਹਿਰ ਤੇ ਪਰਲੋ
ਤੇਗ਼ ਤੇ ਮਾਲਾ ਦੇ ਸਿਮਰਨ ਵਿੱਚ
ਰਤਾ ਨਾ ਅੰਤਰ ਦਿਸਿਆ
ਕਾਦਰ ਦੇ ਘਰ ਬੈਠੀ ਕਾਇਆ
ਕਾਤਰ ਕਾਤਰ ਕਰਕੇ ਕੋਹੀ
ਤੇ ਆਪਣਿਆਂ ਕੋਲੋਂ, ਆਪਣੇ ਹੱਥੀਂ
ਰੱਬ ਦੀ ਮਹਿਮਾ ਮੰਦਰੀਂ ਮੋਈ।
ਦਿਲ ਦਾ ਪੰਛੀ ਕੇਲ ਕਰੇਂਦਾ।
ਜ਼ਖ਼ਮੀ ਰੱਤੜਾ ਲੱਥ-ਪੱਥ ਹੋਇਆ
ਕਿਹੜੇ ਸਰਵਰ ਚੁੰਝ ਡਬੋਏ
ਸਰਵਰ ਦੇ ਤਾਂ ਨਿਰਮਲ ਪਾਣੀ
ਤੱਕ ਕੇ ਅੰਬਰ ਭੁੱਬੀਂ ਰੋਏ।
ਸੂਰਜ ਵਰਗੇ ਗੁੰਬਦ ਵਿਚੋਂ
ਚਾਨਣ ਕਿਰਦਾ ਸੀ ਦਿਨ ਰਾਤੀਂ
ਤੇ ਪਰਕਰਮਾ ਸੰਗਮਰਮਰੀ
ਸਭ ਵਰਨਾਂ ਲਈ ਖੈਰਾਂ ਮੰਗਦੀ
ਨਾਲ ਖੁਮਾਰੀ ਨੂਰ ਨੂਰ ਸੀ
ਉਹ ਥਾਂ ਹੁਣ ਵਿਰਸੇ ਤੋਂ ਖਾਲੀ
ਗੋਲੀ ਦੇ ਪਹਿਲੇ ਦੇ ਦਰੜੀ।
ਰੋਹ ਦੇ ਕੂੜੇ ਪੈਰਾਂ ਹੇਠਾਂ।
ਸਿਫ਼ਤੀ ਦਾ ਘਰ ਮਕਤਲ ਬਣਿਆ
ਤੇ ਪੌਣ ਉਦਾਸੀ ਖੰਡਤ ਹੋਈ
ਦਰ ਚਾਨਣ ਦਾ ਭਾਲ ਰਹੀ ਏਂ।
ਸੱਚ ਦੇ ਪਿੰਡੇ
ਮਨ ਦੇ ਪਿੰਡੇ
ਲਾਸ਼ਾਂ ਦੀ ਇੱਕ ਸਦੀ ਚੁੱਕ ਕੇ
ਕਿਸ ਨੂੰ ਕੀ ਹੈ ਗੱਲ ਸੁਣਾਉਣੀ।
ਏਦਾਂ ਕਦੇ ਨਹੀਂ ਸੀ ਹੋਈ
ਏਦਾਂ ਵੀ ਸੀ ਜੂਨ ਹੰਢਾਉਣੀ।

9466266708

****



ਵੈਦ ਬੁਲਾਇਆ ਵੈਦਗੀ

ਇਸ਼ਕ ਹਕੀਕੀ
ਰੰਗ ਹੈ ਚੜ੍ਹਿਆ
ਨਾਨਕ ਨੂੰ ਉਦਾਸੀ ਫੜਿਆ।
ਵੈਦ ਹਰਿਦਾਸ ਨੇ
ਚਿਹਰਾ ਪੜ੍ਹਿਆ।
ਵੈਦ ਤਾਂ ਨਬਜ਼ ਟਟੋਲੀ ਜਾਇ।
ਦਿਲ ਵਿੱਚ ਪੀੜਾ ਵੇਦਨ ਗਾਏ।
ਨਾਨਕ ਬੋਲੇ ਸਹਿਜ ਸੁਭਾਇ :
ਵੈਦ ਬੁਲਾਇਆ ਵੈਦਗੀ,
ਪਕੜ ਟਟੋਲੇ ਬਾਂਹ॥
ਭੋਲਾ ਵੈਦ ਨ ਜਾਣਈ
ਕਰਕ ਕਲੇਜੇ ਮਾਹਿ॥
ਅੱਜ ਤੱਕ ਕੋਈ ਨਾ ਮਿਲਿਆ
ਨਾਨਕ ਜੀ!
ਜੋ, ਇਸ ਦੁਖ ਦਾ ਦਾਰੂ ਦੇਵੇ,
ਦੁਨੀਆ ਦਾ ਦੁੱਖ
ਕਰਕ ਕਲੇਜੇ ਪਾਏ,
ਦਿਲ ਦਾ ਗੁਬਾਰ ਬਣ ਜਾਏ।
'ਨਾਨਕ ਪਰਮ ਹੰਸ
ਪਰ ਦੁਖ ਨਿਵਾਰ ਹੈ।'

****

ਗੀਤ



ਸਰਦਾਰ ਪੰਛੀ

ਸੌ ਸੌ ਵਾਰੀ ਸਿੱਖਾਂ ਤਾਈਂ ਸਲਾਮਾਂ ਕਰਦੀ ਏ।
ਸਿੱਖ ਮੌਤ ਤੋਂ ਨਹੀਂ, ਮੌਤ ਸਿੱਖਾਂ ਤੋਂ ਡਰਦੀ ਏ।
ਮੌਤ ਨੇ ਫਾਂਸੀ ਦੇ ਰੱਸੇ ਨੂੰ ਚੁੰਮਦੇ ਵੇਖੇ ਨੇ।
ਜਿਸਮ ਇਨ੍ਹਾਂ ਦੇ ਚਰਖੜੀਆਂ ਤੇ ਘੁੰਮਦੇ ਵੇਖੇ ਨੇ।
ਹੱਸਦੇ ਹੱਸਦੇ ਬੰਦ ਬੰਦ ਕਟਵਾਉਂਦੇ ਵੇਖੇ ਨੇ।
ਅਪਣੇ ਆਪ ਨੂੰ ਨੀਹਾਂ ਵਿੱਚ ਚਿਣਵਾਉਂਦੇ ਵੇਖੇ ਨੇ।
ਇਹ ਜਿੱਤਦੇ ਹਰ ਵਾਰੀ ਉਹ ਹਰ ਵਾਰੀ ਹਰਦੀ ਏ।
ਸਿੱਖ ਮੌਤ ਤੋਂ ਨਹੀਂ, ਮੌਤ ਸਿੱਖਾਂ ਤੋਂ ਡਰਦੀ ਏ।
ਸਿੱਖ ਗੁਰੂ ਦੇ ਦੇਗਾਂ ਵਿੱਚ ਉਬਲਦੇ ਵੇਖੇ ਨੇ।
ਇਨ੍ਹਾਂ ਦੇ ਸਿਰ ਉੱਤੇ ਆਰੇ ਚਲਦੇ ਵੇਖੇ ਨੇ।
ਬੱਚਿਆਂ ਦੇ ਸਿਰ ਨੇਜ਼ਿਆਂ ਉੱਤੇ ਟੰਗੇ ਵੇਖੇ ਨੇ।
ਮਾਵਾਂ ਦੇ ਦਿਲ ਗ਼ੈਰਤ ਦੇ ਵਿੱਚ ਰੰਗੇ ਵੇਖੇ ਨੇ।
ਮਰ ਜਾਂਦੀ ਉਹ ਕੌਮ ਕਿ ਜਿਸ ਦੀ ਗ਼ੈਰਤ ਮਰਦੀ ਏ।
ਸਿੱਖ ਮੌਤ ਤੋਂ ਨਹੀਂ, ਮੌਤ ਸਿੱਖਾਂ ਤੋਂ ਡਰਦੀ ਏ।
ਤੋਪਾਂ ਅੱਗੇ ਰੱਖ ਕੇ ਸਿੱਖ ਉਡਾਏ ਜਾਂਦੇ ਸੀ।
ਹਾਕਿਮ ਵਲੋਂ ਮੁੱਲ ਸਿਰਾਂ ਦੇ ਪਾਏ ਜਾਂਦੇ ਸੀ।
'ਕਾਲੇ ਪਾਣੀ' ਅੰਦਰ ਘੋਰ ਤਸੀਹੇ ਜਰਦੇ ਸੀ।
ਗੋਬਿੰਦ ਸਿੰਘ ਦੇ ਸਿੰਘ ਫੇਰ ਵੀ ਸੀ ਨਾ ਕਰਦੇ ਸੀ।
'ਪੰਛੀ' ਪੰਜ ਕਕਾਰ ਹੀ ਤਾਂ ਹਰ ਹਰ ਦੀ ਵਰਦੀ ਏ।
ਸਿੱਖ ਮੌਤ ਤੋਂ ਨਹੀਂ, ਮੌਤ ਸਿੱਖਾਂ ਤੋਂ ਡਰਦੀ ਏ।
ਸੌ ਸੌ ਵਾਰੀ ਸਿੱਖਾਂ ਤਾਈਂ ਸਲਾਮਾਂ ਕਰਦੀ ਏ।
ਸਿੱਖ ਮੌਤ ਤੋਂ ਨਹੀਂ, ਮੌਤ ਸਿੱਖਾਂ ਤੋਂ ਡਰਦੀ ਏ।

94170-91668

****

ਗੱਲ



-ਰਮੇਸ਼ ਬੱਗਾ ਚੋਹਲਾ

ਪੱਲੇ ਬੰਨ੍ਹ ਲੈ ਬੰਨ੍ਹਣ ਵਾਲੀ ਇਹ ਗੱਲ ਕਿਸਾਨਾ ਉਏ।
ਖ਼ੁਦਕੁਸ਼ੀ ਨਹੀਂ ਕਿਸੇ ਮਸਲੇ ਦਾ ਹੱਲ ਕਿਸਾਨਾ ਉਏ।
ਚਾਦਰ ਦੇਖ ਕੇ ਜਿਹੜੇ ਆਪਣੇ ਪੈਰ ਪਸਾਰਦੇ ਨੇ,
ਜ਼ਿੰਦਗੀ ਦੀ ਉਹ ਜੰਗ ਕਦੇ ਵੀ ਨਹੀਂ ਹਾਰਦੇ ਨੇ,
ਬੜੇ ਕੀਮਤੀ ਜੀਵਨ ਦੇ ਇਹ ਪੱਲ ਕਿਸਾਨਾ ਉਏ।
ਖ਼ੁਦਕੁਸ਼ੀ...।
ਦੱਬ ਕੇ ਵਾਹੁਣ ਦੀ ਨੀਤੀ ਹੁਣ ਹੋ ਗਈ ਪੁਰਾਣੀ ਹੈ,
ਖੇਤੀ ਅਕਲਾਂ ਸੇਤੀ ਦੀ ਚੱਲ ਪਈ ਕਹਾਣੀ ਹੈ।
ਇਸ ਕਹਾਣੀ ਦੇ ਪਾਤਰ ਮਾਰਨ ਮੱਲ ਕਿਸਾਨਾ ਉਏ।
ਖ਼ੁਦਕੁਸ਼ੀ...।
ਢੰਗ ਤਰੀਕੇ ਬਦਲ ਗਏ ਨੇ ਅੱਜਕਲ੍ਹ ਦੀ ਵਾਹੀ ਦੇ,
ਇਨ੍ਹਾਂ ਤੋਂ ਬਿਨ ਬਰਕਤ ਨਹੀਂ ਹੈ ਵਿਚ ਕਮਾਈ ਦੇ,
ਬਿਨਾ ਕਮਾਈ ਬਣਦੀ ਨਾ ਕੋਈ ਭੱਲ ਕਿਸਾਨਾ ਉਏ।
ਖ਼ੁਦਕੁਸ਼ੀ...।
ਲਾਹੇਵੰਦ ਬਣਾਉਣਾ ਜੇਕਰ ਹਾੜੀ ਸਾਉਣੀ ਨੂੰ,
ਹਿੰਮਤ ਕਰਕੇ ਪਊ ਰੋਕਣਾ ਕਿਸੇ ਅਣਹੋਣੀ ਨੂੰ,
ਦੁੱਖ ਤਕਲੀਫ਼ਾਂ ਹੁੰਦੀਆਂ ਕਈ ਅਟੱਲ ਕਿਸਾਨਾ ਉਏ।
ਖ਼ੁਦਕੁਸ਼ੀ ....।
ਉੱਤਮ ਜੂਨ ਮਨੁੱਖ ਦੀ ਹੁੰਦੀ ਲੱਖ ਚੁਰਾਸੀ 'ਚੋਂ,
ਖ਼ੁਸ਼ੀਆਂ ਦਾ ਸਿਰਨਾਵਾਂ ਲੱਭਣਾ ਪਊ ਉਦਾਸੀ 'ਚੋ,
ਅੱਜ ਨਹੀਂ ਤਾਂ ਲੱਭਣਾ ਪਊਗਾ ਕੱਲ੍ਹ ਕਿਸਾਨਾ ਉਏ।
ਖ਼ੁਦਕੁਸ਼ੀ...।
ਸਾਦੇ ਵਿਆਹ ਤੇ ਸਾਦੇ ਭੋਗ ਦੀ ਆਵਾਜ਼ ਬੁਲੰਦ ਹੋਈ,
ਸੁਣੀ ਜਿਨ੍ਹਾਂ ਕੰਨ ਲਾ ਕੇ ਹੈ ਬੜੀ ਫ਼ਾਇਦੇਮੰਦ ਹੋਈ,
ਫਜ਼ੂਲ ਖਰਚ ਨੂੰ ਪਾਉਣ ਲੱਗੀ ਇਹ ਠੱਲ੍ਹ ਕਿਸਾਨਾ ਉਏ।
ਖ਼ੁਦਕੁਸ਼ੀ ਨਹੀਂ ਕਿਸੇ ਮਸਲੇ ਦਾ ਹੱਲ ਕਿਸਾਨਾ ਉਏ।

94631-32719

****



ਜਾਗੋ

-ਸੁਰਿੰਦਰ ਸਿੰਘ ਖਾਲਸਾ

ਸਿੱਖਾ ਜਾਗ ਬਈ ਓ,
ਹੁਣ 'ਜਾਗੋ' ਆਈ ਐ ....।
ਕਿਉਂ ਸਿੱਖੀ ਮਨੋ ਭੁਲਾਈ ਐ,
ਬਈ ਹੁਣ ਜਾਗੋ ਆਈ ਐ ....।
ਸਿੱਖ ਕੌਮ ਬਿਪਤਾ ਨੇ ਘੇਰੀ,
ਹਾਲੇ ਵੀ ਨੀਂਦ ਖੁਲ੍ਹੀ ਨਾ ਤੇਰੀ।
ਕਿਉਂ ਸੁਤੈਂ ਲੈ ਰਜ਼ਾਈ ਐ,
ਬਈ ਹੁਣ ਜਾਗੋ ਆਈ ਐ........।
ਬਾਹਰੋਂ-ਅੰਦਰੋਂ ਖੱਤਰਾ ਸਿੱਖੀ ਨੂੰ,
ਵਾਲੋਂ ਨਿੱਕੀ ਖੰਡਿਉਂ ਤਿੱਖੀ ਨੂੰ।
ਕਾਲੀ ਬੋਲੀ ਨ੍ਹੇਰੀ ਛਾਈ ਐ,
ਬਈ ਹੁਣ ਜਾਗੋ ਆਈ ਐ ....।
ਗੁਰੂ ਗ੍ਰੰਥ ਦੀ ਕੀਤੀ ਬੇ-ਅਦਬੀ,
ਸਰਕਾਰ ਵੀ ਹੱਲ ਨਾ ਕੋਈ ਲੱਭਦੀ।
ਕਿਸਨੇ ਇਹ ਸਾਜਿਸ਼ ਰਚਾਈ ਐ,
ਬਈ ਹੁਣ ਜਾਗੋ ਆਈ ਐ ....।
ਬਰਗਾੜੀ ਕਾਂਡ ਦੇ ਦੋਸ਼ੀ ਫੜੇ ਨਾ,
ਬਾਕੀ ਮਸਲੇ ਵੀ ਹੱਲ ਕਰੇ ਨਾ।
ਦੋਖੀਆਂ ਦੀ ਹਿੰਮਤ ਵਧਾਈ ਐ,
ਬਈ ਹੁਣ ਜਾਗੋ ਆਈ ਐ ....।
ਸਿੱਖ ਸਰੂਪ ਅਤੇ ਆਨ ਤੇ ਹਮਲੇ,
ਸਤਿਗੁਰਾਂ ਦੀ ਸ਼ਾਨ ਤੇ ਹਮਲੇ।
ਫੇਸ-ਬੁੱਕ ਰਾਹੀਂ ਵੀ ਅੱਗ ਲਗਾਈ ਐ,
ਬਈ ਹੁਣ ਜਾਗੋ ਆਈ ਐ ....।
ਵੱਡੀ ਬਿੱਪਤਾ ਪਤਿਤ ਪੁਣੇ ਦੀ,
ਉਸ ਤੋਂ ਵੀ ਵੱਡੀ ਸਾਧ ਲਾਣੇ ਦੀ।
ਜੋ ਚਿੱਟੀ ਸਿਉਂਕ ਬਣ ਛਾਈ ਐ,
ਬਈ ਹੁਣ ਜਾਗੋ ਆਈ ਐ ....।
ਚਿੱਟੀ ਸਿਉਂਕ ਨੇ ਹਮਲਾ ਕੀਤਾ,
ਸਿੱਖੀ ਸਿਧਾਂਤ ਜਿਨ੍ਹੇਂ ਚੱਟ ਕਰ ਲੀਤਾ।
ਇਨ੍ਹਾਂ ਦੁੱਧ ਵਿੱਚ ਕਾਂਜੀ ਪਾਈ ਐ,
ਬਈ ਹੁਣ ਜਾਗੋ ਆਈ ਐ ....।
ਨਸ਼ਿਆਂ ਕੌਮ ਨੂੰ ਘੇਰਾ ਪਾਇਆ,
ਗੌਰਮਿੰਟ ਘਰ-ਘਰ ਪਹੁੰਚਾਇਆ।
ਸਮੈਕ ਭੁੱਕੀ ਦੀ 'ਹੋਮ-ਸਪਲਾਈ' ਐ,
ਬਈ ਹੁਣ ਜਾਗੋ ਆਈ ਐ ....।
ਨੌਜਵਾਨ ਸਾਰੇ ਪਤਿਤ ਹੋਈ ਜਾਂਦੇ,
ਬੁਢੇ ਵੀ ਸਿੱਖੀ ਤੋਂ ਦੂਰ ਹੋਈ ਜਾਂਦੇ।
ਬੱਚਿਆਂ ਤੇ ਹੀ ਆਸ ਲਗਾਈ ਐ,
ਬਈ ਹੁਣ ਜਾਗੋ ਆਈ ਐ ....।
ਕੌਮ ਦੇ ਆਗੂ ਗੱਦਾਰ ਨੇ ਬਹੁਤੇ,
ਬਿਨ੍ਹਾਂ ਪਾਣੀ ਤੋਂ ਬੇੜੇ ਡਬੋਤੇ।
ਅਸੀਂ ਕੌਮ ਦੀ ਵਾਗ ਫੜਾਈ ਐ,
ਬਈ ਹੁਣ ਜਾਗੋ ਆਈ ਐ ....।
ਮਨੀ ਸਿੰਘ ਨੂੰ ਯਾਦ ਤੂੰ ਕਰ ਲੈ,
ਤਾਰੂ ਸਿੰਘ ਦਾ ਧਿਆਨ ਤੂੰ ਧਰ ਲੈ।
ਬੰਦ-ਬੰਦ ਕਟਵਾਏ ਤੇ ਖੋਪਰੀ ਲੁਹਾਈ ਐ,
ਬਈ ਹੁਣ ਜਾਗੋ ਆਈ ਐ ....।
ਗੀਤ ਸਿੱਖੀ ਦੇ ਜਾਗੋ ਗਾਵੇ,
ਸੁਤਿਆਂ ਨੂੰ ਵਾਜਾਂ ਮਾਰ ਜਗਾਵੇ।
ਗੁਰਮਤਿ ਪ੍ਰਚਾਰਕਾਂ ਸਿਰ ਤੇ ਉਠਾਈ ਐ,
ਬਈ ਹੁਣ ਜਾਗੋ ਆਈ ਐ ....।
ਸ਼ਰਣ ਪਏ ਨੂੰ ਸਤਿਗੁਰ ਤਾਰੇ,
ਹਲਤ-ਪਲਤ ਸਦਾ ਹੋਏ ਰਖਵਾਰੇ।
ਜਿਸ ਸਤਿਗੁਰਾਂ ਦੀ ਓਟ ਟਿਕਾਈ ਐ,
ਬਈ ਹੁਣ ਜਾਗੋ ਆਈ ਐ ....।
ਜੀਵਨ ਸਿੱਖ ਲੈ ਰਹਿਤ 'ਚ ਰਹਿਣਾ,
ਗੁਰਬਾਣੀ ਦਾ ਮੰਨ ਕੇ ਕਹਿਣਾ।
ਜੋ 'ਧੁਰ ਕੀ ਬਾਣੀ ਆਈ ਐ',
ਬਈ ਹੁਣ ਜਾਗੋ ਆਈ ਐ ....।,
ਵਹਿਮ ਭਰਮ ਤੂੰ ਛੱਡਦੇ ਸਾਰੇ,
"ਸਿੰਘ ਸੁਰਿੰਦਰ" ਅਰਜ਼ ਗੁਜ਼ਾਰੇ।
ਕਿਉਂ ਤੈਨੂੰ ਸਮਝ ਨਾ ਆਈ ਐ,
ਬਈ ਹੁਣ ਜਾਗੋ ਆਈ ਐ ....।

****

9466266708

ਪੰਜਾਬੀ ਪੁਆਧੀ ਸੱਥ ਮੁਹਾਲੀ ਵੱਲੋਂ ਅੱਠ ਅਹਿਮ ਸਖਸ਼ੀਅਤਾਂ ਦਾ ਸਨਮਾਨ ਤੇ ਪੁਸਤਕ ਲੋਕ ਅਰਪਣ-ਰਿਪੋਰਟ



ਜਸਪਾਲ ਸਿੰਘ ਕੰਵਲ

ਜਗਤ ਗੁਰੂ, ਬਾਬਾ ਨਾਨਕ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਪੁਆਧੀ ਪੰਜਾਬੀ ਸੱਥ ਮੁਹਾਲੀ ਵਲੋਂ ਸ਼ਿਵਾਲਿਕ ਪਬਲਿਕ ਸਕੂਲ ਫੇਸ 6, ਮੁਹਾਲੀ ਵਿਖੇ 01 ਦਸੰਬਰ, 2019 ਐਤਵਾਰ ਨੂੰ 8 ਅਹਿਮ ਸਖਸ਼ੀਅਤਾਂ ਨੂੰ ਸਨਮਾਨਿਤ ਕਰਨ ਦੇ ਨਾਲ-ਨਾਲ ਚਾਰ ਪੁਸਤਕਾਂ ਲੋਕ ਅਰਪਣ ਕੀਤੀਆਂ ਗਈਆਂ ਤੇ ਦੋ ਚੁਣੀਆਂ ਹੋਈਆਂ ਪੁਸਤਕਾਂ ਨੂੰ ਪੁਰਸਕਾਰ 2019 ਵੀ ਦਿੱਤੇ ਗਏ। ਪ੍ਰਿੰ: ਨਸੀਬ ਸਿੰਘ ਸੇਵਕ, ਮੁੱਖ ਸੰਪਾਦਕ ਭਾਈ ਦਿੱਤ ਸਿੰਘ ਪੱਤ੍ਰਿਕਾ, ਨੂੰ 'ਸਾਹਿਤਕਾਰ ਗੁਰਬਖਸ਼ ਸਿੰਘ ਕੇਸਰੀ ਪੁਰਸਕਾਰ 2019' ਢਾਡੀ ਮਲਕੀਤ ਸਿੰਘ ਬੀ.ਏ. ਤਸਿੰਬਲੀ ਨੂੰ ਢਾਡੀ ਪ੍ਰੀਤਮ ਸਿੰਘ ਕਲੌੜ 'ਪਲੇਠਾ ਪੁਰਸਕਾਰ 2019', ਗਿ: ਗੁਰਚਰਨ ਸਿੰਘ ਅੰਮ੍ਰਿਤਸਰ ਪੁਰਸਕਾਰ ਡਾ. ਸਤੀਸ਼ ਕੁਮਾਰ ਵਰਮਾ ਨੂੰ, ਗਿ: ਰਤਨ ਸਿੰਘ ਸਹੌੜਾਂ ਵਾਲਾ ਪੁਰਸਕਾਰ ਚਿੱਤਰਕਾਰ ਹਾਕਮ ਸਿੰਘ ਮੋਰਿੰਡਾ ਨੂੰ, ਮਾਸਟਰ ਸਰੂਪ ਸਿੰਘ ਨੰਬਰਦਾਰ ਪੁਰਸਕਾਰ ਡਾ. ਰਾਜਿੰਦਰ ਸਿੰਘ ਕੰਬੋਜ ਬੂਹਾ ਨੂੰ, ਸਰਦਾਰ ਹਰਚੰਦ ਸਿੰਘ ਪਟਵਾਰੀ ਪੁਰਸਕਾਰ ਭਾਈ ਗੁਰਦੀਪ ਸਿੰਘ ਦੀਪ ਬੋਹ ਨੂੰ, ਮਾਸਟਰ ਗੁਰਚਰਨ ਸਿੰਘ ਸਕਰੁੱਲਾਪੁਰ ਪੁਰਸਕਾਰ ਸ੍ਰੀ ਅਵਤਾਰ ਸਿੰਘ ਤੀੜਾ ਨੂੰ, ਪਲੇਠਾ ਮਾਤਾ ਮਹਿੰਦਰ ਕੌਰ ਪੁਰਸਕਾਰ ਸ੍ਰੀਮਤੀ ਰਣਧੀਰ ਕੌਰ ਸੰਤੇਮਾਜਰਾ ਨੂੰ ਦਿੱਤਾ ਗਿਆ। ਜਸਪਾਲ ਸਿੰਘ ਕੰਵਲ, ਸੰਪਾਦਕ, ਭਾਈ ਦਿੱਤ ਸਿੰਘ ਪੱਤ੍ਰਿਕਾ ਤੇ ਸਟੇਟ ਬੈਂਕ ਆਫ਼ ਪਟਿਆਲਾ ਦੇ ਸਾਬਕਾ ਚੀਫ਼ ਮੈਨੇਜਰ ਦੇ ਪਲੇਠੇ ਕਾਵਿ-ਸੰਗ੍ਰਹਿ 'ਮਿਹਰਾਮਤਿ' ਅਤੇ ਪ੍ਰਿੰ: ਨਸੀਬ ਸਿੰਘ ਸੇਵਕ ਮੁੱਖ ਸੰਪਾਦਕ ਦੇ ਕਾਵਿ-ਸੰਗ੍ਰਹਿ 'ਬਾਬਾ ਨਾਨਕ ! ਆ ਵੇਖ ਤਾਂ ਸਹੀ !!!' ਦਾ ਲੋਕ ਅਰਪਣ ਵੀ ਕੀਤਾ ਗਿਆ।

ਪ੍ਰਧਾਨਗੀ ਮੰਡਲ ਵਿੱਚ ਡਾ. ਨਿਰਮਲ ਸਿੰਘ ਲਾਂਬੜਾਂ, ਡਾ. ਜਸਪਾਲ ਕੌਰ ਕਾਂਗ ਤੇ ਡਾ. ਈਸ਼ਵਰ ਦਿਆਲ ਗੌੜ ਸ਼ਾਮਲ ਹੋਏ। ਸੱਥ ਦੇ ਮੁੱਖੀ ਮਨਮੋਹਨ ਸਿੰਘ ਦਾਊਂ ਨੇ ਆਏ ਸੱਜਣਾਂ ਦਾ ਸਵਾਗਤ ਕਰਦਿਆਂ ਸੱਥ ਦੀਆਂ ਪ੍ਰਾਪਤੀਆਂ ਤੇ ਚਾਨਣਾ ਪਾਇਆ। ਡਾ. ਜਸਪਾਲ ਕੌਰ ਕਾਂਗ ਤੇ ਡਾ. ਈਸ਼ਵਰ ਦਿਆਲ ਗੌੜ ਨੇ ਬਾਬਾ ਨਾਨਕ ਦੇ ਆਗਮਨ ਦੀ ਅਹਿਮੀਅਤ, ਸਮਾਜ ਸੁਧਾਰਾਂ ਅਤੇ ਇਲਾਹੀ ਉਪਦੇਸ਼ਾਂ ਬਾਰੇ ਚਰਚਾ ਕੀਤੀ। ਮੁੱਖ ਮਹਿਮਾਨ, ਕਾਹਨ ਸਿੰਘ ਪੰਨੂੰ, ਪੰਜਾਬ ਖੇਤੀਬਾੜੀ ਸਕੱਤਰ ਨੇ ਪੰਜਾਬੀ ਤੇ ਪੁਆਧੀ ਬੋਲੀ ਦੇ ਸਾਹਿਤ ਦੇ ਪ੍ਰਚਾਰ ਤੇ ਪ੍ਰਸਾਰ ਲਈ ਸੱਥ ਵਲੋਂ ਨਿਭਾਈ ਜਾ ਰਹੀ ਜ਼ਿੰਮੇਵਾਰੀ ਨੂੰ ਸਲਾਹਿਆ ਅਤੇ ਹੋਰ ਵੱਧ ਚੜ੍ਹਕੇ ਕੰਮ ਕਰਨ ਲਈ ਹੌਸਲਾ ਦਿੱਤਾ। ਉਨ੍ਹਾਂ ਨੇ ਅਜੋਕੇ ਹਾਲਾਤਾਂ ਵਿੱਚ ਨੌਜਵਾਨਾਂ ਨੂੰ ਸੇਧ ਦੇਣ ਲਈ ਵੀ ਪ੍ਰੇਰਿਆ। ਡਾ: ਲਾਂਬੜਾਂ ਨੇ ਸੱਥ ਦੀਆਂ ਦੇਸ਼-ਵਿਦੇਸ਼ ਵਿੱਚ ਚਲ ਰਹੀਆਂ ਗਤੀਵਿਧੀਆਂ ਬਾਰੇ ਜਾਣੂ ਕਰਵਾਇਆ।

ਉੱਘੀ ਫਿਲਮੀ ਕਲਾਕਾਰ ਮੋਹਣੀ ਤੂਰ, ਸੰਤੇਮਜਾਰਾ ਨੇ ਬਾਬੇ ਨਾਨਕ ਦੀ ਵਡਿਆਈ ਵਿੱਚ ਬੁਲੰਦ ਆਵਾਜ 'ਚ ਗੀਤ ਪੇਸ਼ ਕਰਕੇ ਸਰੋਤਿਆਂ ਨੂੰ ਮੰਤਰ ਮੁਗਧ ਕੀਤਾ ਅਤੇ ਪੁਆਧੀ ਵੰਨਗੀ ਪੇਸ਼ ਕਰਕੇ ਵਾਹ-ਵਾਹ ਖੱਟੀ। ਢਾਡੀ ਮਲਕੀਤ ਸਿੰਘ ਬੀ.ਏ. ਨੇ 'ਖਰਾ ਸੌਦਾ' ਢਾਡੀ ਵਾਰ ਗਾਕੇ ਸਮਾਗਮ ਵਿੱਚ ਵੱਖਰਾ ਹੀ ਰੰਗ ਬੰਨ੍ਹਿਆ। ਸ਼੍ਰੋਮਣੀ ਪੰਜਾਬੀ ਲਿਖਾਰੀ ਸਭਾ ਦੇ ਕਾਰਕੁੰਨਾਂ ਗੀਤਕਾਰ ਲਾਲ ਸਿੰਘ ਲਾਲੀ, ਪ੍ਰੀਤਮ ਲੁਧਿਆਣਵੀ, ਕ੍ਰਿਸ਼ਨ ਰਾਹੀ, ਸ਼ਮਸ਼ੇਰ ਸਿੰਘ ਪਾਲ ਤੇ ਜਰਨੈਲ ਸਿੰਘ ਹਸਨਪੁਰੀ ਨੇ ਪ੍ਰਿੰ: ਨਸੀਬ ਸਿੰਘ ਸੇਵਕ, ਜਸਪਾਲ ਸਿੰਘ ਕੰਵਲ ਤੇ ਅਲੀ ਰਾਜਪੁਰਾ ਨੂੰ ਫੁੱਲਾਂ ਦੇ ਹਾਰ ਪਾ ਕੇ ਸਨਮਾਨ ਦਿੱਤਾ ਤੇ ਸਮਾਗਮ ਦੀ ਸ਼ੋਭਾ ਵਧਾਈ। ਹੋਰ ਮਾਨਵਰ ਸਖ਼ਸ਼ੀਅਤਾਂ ਤੋਂ ਇਲਾਵਾ ਬੀਬੀ ਦਲਜੀਤ ਕੌਰ ਦਾਊਂ, ਡਾ. ਕਰਨੈਲ ਸਿੰਘ ਸੋਮਲ, ਸ. ਸ਼ੇਰ ਸਿੰਘ ਬਾਠ ਕੈਨੇਡਾ, ਸ. ਚਰਨ ਕੰਵਲ ਸਿੰਘ ਸੀੜਾ ਕੈਨੇਡਾ, ਡਾ. ਜਸਪਾਲ ਜੱਸੀ, ਡਾ. ਕੁਲਦੀਪ ਸਿੰਘ ਦੀਪ, ਨਿਰੰਜਨ ਸੈਲਾਨੀ, ਡਾ. ਇਕਬਾਲ ਸਿੰਘ ਢਿਲੋਂ, ਜ਼ੋਰਾ ਸਿੰਘ ਭੁੱਲਰ, ਡਾ. ਅਵਤਾਰ ਸਿੰਘ ਗਿੱਲ, ਡਾ. ਗੁਰਬਚਨ ਸਿੰਘ ਮਾਵੀ, ਗੁਰਪ੍ਰੀਤ ਸਿੰਘ ਨਿਆਮੀਆਂ, ਸਵਰਨ ਸਿੰਘ, ਐਡਵੋਕੇਟ ਸਤਵੰਤ ਸਿੰਘ ਰੰਗੀ, ਦੂਰਦਰਸ਼ਨ ਤੋਂ ਸ. ਹਰਬੰਸ ਸਿੰਘ ਸੋਢੀ, ਜਸਵੀਰ ਮੰਡ ਨਾਵਲਕਾਰ, ਸਰੂਪ ਪਟਿਆਲਵੀ, ਧਰਮ ਸਿੰਘ ਭੰਖਰਪੁਰ, ਸੰਤਵੀਰ ਨਾਵਲਕਾਰ, ਡਾ. ਬਲਜੀਤ ਸਿੰਘ, ਬਹਾਦਰ ਸਿੰਘ ਗੋਸਲ, ਉਤਮਵੀਰ ਸਿੰਘ ਦਾਊਂ, ਗੁਣਬੀਰ ਸਿੰਘ, ਵਿੰਦਰ ਕੌਰ, ਸ਼ਰਨਜੀਤ ਕੌਰ, ਜਸਵਿੰਦਰ ਸਿੰਘ ਜਗਾਧਰੀ, ਕ੍ਰਿਪਾਲ ਸਿੰਘ, ਬੀਬੀ ਸਵਰਨਜੀਤ ਕੌਰ ਖੱਟਰਾਂ, ਗੁਰਦਰਸ਼ਨ ਸਿੰਘ ਖੱਟਰਾਂ, ਬੰਗੜ ਰਣਜੀਤ ਸਿੰਘ, ਐਸ. ਆਈ ਅਵਤਾਰ ਸਿੰਘ, ਪ੍ਰੇਮ ਪਾਲ ਘਈ, ਦਰਬਾਰਾ ਸਿੰਘ, ਰੁੜਕੀ ਹੀਰਾਂ ਜਗਜੀਤ ਕੌਰ ਮਨਜੀਤ ਸਿੰਘ ਮਿੰਟੂ, ਚਰਨ ਸਿੰਘ, ਰਮਨਦੀਪ ਸਿੰਘ, ਅਮਰਜੀਤ ਸਿੰਘ ਬੁਢਲਾਡਾ, ਸ਼ਮਸ਼ੇਰ ਸਿੰਘ ਕੁਰਾਲੀ, ਗੁਰਪ੍ਰੀਤ ਕੰਵਲ, ਆਸ਼ਾ ਵਾਲੀਆ, ਕੁਲਵੰਤ ਸਿੰਘ ਏ.ਡੀ.ਓ., ਹਰੀ ਸਿੰਘ ਕੈੜੇ, ਅਵਤਾਰ ਸਿੰਘ, ਸੁੱਚਾ ਸਿੰਘ ਕਲੌੜ ਤੇ ਗੁਰਮੀਤ ਕੌਰ ਕਲੌੜ ਨੇ ਸ਼ਿਰਕਤ ਕਰਕੇ ਸਮਾਗਮ ਨੂੰ ਚਾਰ ਚੰਨ ਲਾਏ।

ਪ੍ਰਿੰ: ਗੁਰਮੀਤ ਸਿੰਘ ਖਰੜ ਨੇ ਸਟੇਜ ਸਕੱਤਰ ਦੀ ਭੂਮਿਕਾ ਬਾਖੂਬੀ ਨਿਭਾਈ। ਕੁੱਲ ਮਿਲਾ ਕੇ ਸਨਮਾਨ ਸਮਾਗਮ ਬਹੁਤ ਹੀ ਸਫਲ ਤੇ ਰੌਚਕ ਹੋ ਨਿਬੜਿਆ।

89689-68397

****



(21 ਅਪ੍ਰੈਲ 1850 ਤੋਂ 6 ਸਤੰਬਰ 1901)

ੴ ਸਤਿਗੁਰ ਪ੍ਰਸਾਦਿ॥

ਅਦਾਰਾ ਭਾਈ ਦਿੱਤ ਸਿੰਘ ਪੱਤ੍ਰਿਕਾ (ਮਾਸਿਕ, ਪੰਜਾਬੀ) ਤੇ
ਗਿਆਨੀ ਦਿੱਤ ਸਿੰਘ ਮੈਮੋਰੀਅਲ ਇੰਟਰਨੈਸ਼ਨਲ ਸੁਸਾਇਟੀ (ਰਜਿ:) ਚੰਡੀਗੜ੍ਹ

ਮਾਨ-ਪੱਤਰ

ਸ਼ਾਂਤ ਤੇ ਨਿਮਰ ਸੁਭਾਅ ਦੇ ਮਾਲਕ



ਸ. ਹਰੀ ਸਿੰਘ ਕੈੜੇ ਦਾ ਜਨਮ 6 ਦਸੰਬਰ, 1948 ਨੂੰ ਮਾਤਾ ਸੁਰਜੀਤ ਕੌਰ ਤੇ ਪਿਤਾ ਜਥੇਦਾਰ ਗੁਰਦਿਆਲ ਸਿੰਘ ਕੈੜੇ ਦੇ ਗ੍ਰਹਿ ਗੁਰੂ ਤੇਗ ਬਹਾਦਰ ਜੀ ਦੀ ਚਰਨ ਛੋਹ ਪ੍ਰਾਪਤ ਤੇ ਪੰਥ ਰਤਨ ਗਿਆਨੀ ਦਿੱਤ ਸਿੰਘ ਜੀ ਦੇ ਜੱਦੀ ਗਰਾਂ ਕਲੌੜ (ਨੰਦਪੁਰ) ਜ਼ਿਲ੍ਹਾ ਫਤਹਿਗੜ੍ਹ ਸਾਹਿਬ ਵਿਖੇ ਹੋਇਆ। ਆਪ ਨੇ ਅੱਠਵੀਂ ਤੱਕ ਦੀ ਪੜ੍ਹਾਈ ਪਿੰਡ ਦੇ ਮਿਡਲ ਸਕੂਲ ਅਤੇ ਦਸਵੀਂ ਤੱਕ ਪਿੰਡ ਗੜਾਂਗਾ (ਮੁਹਾਲੀ) ਵਿਖੇ ਕੀਤੀ। ਆਪ ਜੀ ਪੜ੍ਹਾਈ ਵਿੱਚ ਹੁਸ਼ਿਆਰ ਸਨ ਤੇ ਬਚਪਨ ਤੋਂ ਹੀ ਆਪ ਨਾਮ ਸਿਮਰਨ ਦੇ ਅਭਿਆਸੀ ਹਨ। ਪੰਜਾਬ ਯੂਨੀਵਰਸਿਟੀ, ਇਵਨਿੰਗ ਕਾਲਜ ਚੰਡੀਗੜ੍ਹ ਤੋਂ ਬੀ.ਏ. ਦੀ ਡਿਗਰੀ ਸੰਨ 1972 ਵਿੱਚ ਪ੍ਰਾਪਤ ਕੀਤੀ। ਆਪ ਨੇ ਕੁੱਝ ਸਮਾਂ ਗੌਰਮਿੰਟ ਕਾਲਜ, ਸੈਕਟਰ 11, ਚੰਡੀਗੜ੍ਹ ਵਿਖੇ ਜੇ.ਐਲ.ਏ. (ਜੂਨੀਅਰ ਲੈਕਚਰ ਅਸਿਸਟੈਂਟ) ਦੇ ਤੌਰ ਤੇ ਜਿਊਲੌਜੀ ਵਿਭਾਗ ਵਿੱਚ ਕੰਮ ਕੀਤਾ। ਉਪਰੰਤ ਪੰਜਾਬ ਨੈਸ਼ਨਲ ਬੈਂਕ ਵਿੱਚ ਭਰਤੀ ਹੋ ਗਏ।

ਸੰਨ 1976 ਵਿੱਚ ਆਪ ਜੀ ਨੇ ਗ੍ਰਹਿਸਤ ਜੀਵਨ ਦੀ ਸ਼ੁਰੂਆਤ ਬੀਬੀ ਨਿਰਮਲਜੀਤ ਕੌਰ ਨਾਲ ਕੀਤੀ। ਬੀਬੀ ਨਿਰਮਲ ਜੀਤ ਕੌਰ ਇੱਕ ਪੜ੍ਹੀ ਲਿਖੀ, ਸੁਘੜ ਸਿਆਣੀ, ਗ੍ਰਹਿਣੀ ਦੇ ਤੌਰ 'ਤੇ ਵਿਚਰ ਰਹੇ ਹਨ। ਬੇਟੀ ਸਰਪ੍ਰੀਤ ਕੌਰ ਕੋਮਲ, ਬੀ.ਐਸ.ਸੀ., ਬੀ.ਐੱਡ, ਐਮ.ਐਸ.ਸੀ. (ਆਈ.ਟੀ) ਕਰਨ ਉਪਰੰਤ ਈ.ਸੀ.ਐਚ, ਐੱਡ, ਡੀ.ਈ.ਸੀ.ਐੱਡ ਤੇ ਦੇਖ ਭਾਲ ਵਿੱਚ ਸਰਟੀਫਿਕੇਟ ਕੋਰਸ ਕੀਤੇ। ਪਾਰਟਨਰ ਵੋਗੂ ਇਨਟੀਰੀਅਰਜ। ਦਾਮਾਦ ਮਨਦੀਪ ਸਿੰਘ ਬੀ.ਕਾਮ., ਡਿਪਲੋਮਾ ਇਨ ਟੂਲ ਐਂਡ ਡਾਈ, ਸਰਟੀਫਿਕੇਟ ਇਨ ਪਲਾਸਟ੍ਰਿੰਗ। ਆਪ ਸ੍ਰੀ ਗੁਰੂ ਨਾਨਕ ਦੇਵ ਜੀ ਮਿਲਕ ਸਟਰੀਮ ਦੇ ਪਰਾਪਰਾਈਟਰ ਹਨ। ਦੋਨੋਂ ਹੀ ਐਪਿੰਗ, ਮੈਲਬੋਰਨ, ਆਸਟ੍ਰੇਲੀਆ ਵਿੱਚ ਸੈੱਟਲ ਹਨ। ਸਫਲ ਤੇ ਖੁਸ਼ੀਆਂ ਖੇੜਿਆਂ ਵਾਲਾ ਜੀਵਨ ਬਤੀਤ ਕਰਨ ਰਹੇ ਹਨ।

ਬੇਟਾ ਅਨਮੋਲਪ੍ਰੀਤ ਸਿੰਘ ਬੀ.ਕਾਮ, ਐਮ.ਬੀ.ਏ. (ਮਾਰਕਿਟਿੰਗ) ਬਤੌਰ ਰਿਲੇਸ਼ਨਸ਼ਿਪ ਮੈਨੇਜਰ, ਐਚ.ਡੀ.ਐਫ.ਸੀ. ਬੈਂਕ ਵਿੱਚ ਸੇਵਾ ਨਿਭਾ ਰਹੇ ਹਨ। ਆਪ ਜੀ ਦੀ ਨੂੰਹ ਪਵਨਪ੍ਰੀਤ ਕੌਰ ਐਮ.ਏ. (ਇੰਗਲਿੰਸ਼), ਬੀ.ਐੱਡ, ਐਮ.ਐੱਡ., ਐਨੀਜ਼ ਸਕੂਲ, ਖਰੜ ਵਿਖੇ ਟੀਚਰ ਲੱਗੇ ਹੋਏ ਹਨ।

ਅਸੀਂ ਬਹੁਤ ਮਾਣ ਮਹਿਸੂਸ ਕਰਦੇ ਹਾਂ ਜਦੋਂ ਆਪ ਜੀ ਦੇ ਪਿਤਾ ਜੀ ਜਥੇਦਾਰ ਗੁਰਦਿਆਲ ਸਿੰਘ ਕੈੜੇ ਸਾਬਕਾ ਪ੍ਰਧਾਨ, ਗੁਰਦੁਆਰਾ ਸਿੰਘ ਸਭਾ ਯਾਦਗਾਰ ਪੰਥ ਰਤਨ ਗਿਆਨੀ ਦਿੱਤ ਸਿੰਘ ਜੀ ਕਲੌੜ ਨੂੰ ਯਾਦ ਕਰਦੇ ਹਾਂ। ਉਨ੍ਹਾਂ ਨੇ ਬਹੁਤ ਹੀ ਸਿਰੜ, ਮਿਹਨਤ ਤੇ ਤਨ ਦੇਹੀ ਨਾਲ ਇਸ ਅਲੀਸ਼ਾਨ ਯਾਦਗਾਰ ਦੇ ਬਣਾਉਣ ਵਿੱਚ ਜਥੇਦਾਰ ਬਖਸ਼ੀਸ਼ ਸਿੰਘ ਜੀ ਦੇ ਨਾਲ ਮੋਢੇ ਨਾਲ ਮੋਢਾ ਜੋੜ ਕੇ ਕੰਮ ਕੀਤਾ ਅਤੇ ਪੰਥ ਰਤਨ ਗਿਆਨੀ ਦਿੱਤ ਸਿੰਘ ਜੀ ਦੇ ਮਿਸ਼ਨ ਨੂੰ ਅੱਗੇ ਵਧਾਉਣ ਲਈ ਸ਼ਲਾਘਾਯੋਗ ਯਤਨ ਕੀਤੇ।

ਸ. ਹਰੀ ਸਿੰਘ ਕੈੜੇ ਅਗਾਂਹ ਵਧੂ ਇਨਸਾਨ ਹਨ। ਉਹ ਬਹੁਤ ਹੀ ਸ਼ਾਂਤ ਤੇ ਨਿਮਰ ਸੁਭਾਅ ਦੇ ਮਾਲਕ ਹਨ। ਲੋੜਵੰਦਾਂ ਦੀ ਮਦਦ ਕਰਨਾ ਉਨ੍ਹਾਂ ਦੇ ਜੀਵਨ ਦਾ ਮਨੋਰਥ ਹੈ। ਆਪ ਜੀ ਦਾ ਮਾਂ ਬੋਲੀ ਪੰਜਾਬੀ ਨਾਲ ਬਹੁਤ ਹੀ ਗਹਿਰਾ ਲਗਾਓ ਹੈ ਤੇ ਆਪ ਸ਼ਾਇਰੋ-ਸ਼ਾਇਰੀ ਦੀ ਰਚਨਾ ਵੀ ਕਰਦੇ ਹਨ। ਪਰਿਵਾਰ ਦੀਆਂ ਹੋਰ ਜ਼ਿੰਮੇਵਾਰੀਆਂ ਨਿਭਾਉਂਦੇ ਹੋਏ ਆਪ ਭਾਰਤ ਦੇ ਸੁਪ੍ਰਸਿੱਧ ਬੈਂਕ, ਪੰਜਾਬ ਨੈਸ਼ਨਲ ਬੈਂਕ ਵਿਚੋਂ ਦਸੰਬਰ 2008 ਵਿੱਚ ਬਤੌਰ ਬਰਾਂਚ ਮੈਨੇਜਰ ਬੇਦਾਗ ਸੇਵਾ ਮੁਕਤ ਹੋਏ। ਆਪ ਲੰਮੇ ਸਮੇਂ ਤੋਂ ਭਾਈ ਦਿੱਤ ਸਿੰਘ ਪੱਤ੍ਰਿਕਾ ਨਾਲ ਜੁੜੇ ਆ ਰਹੇ ਹਨ। ਅੱਜ ਕਲ ਆਪ ਗਾਰਡਨ ਕਲੋਨੀ, ਖਰੜ ਵਿੱਚ ਆਪਣੇ ਪਰਿਵਾਰ ਸਮੇਤ ਖੁਸ਼ੀਆਂ ਖੇੜਿਆਂ ਭਰਿਆ ਜੀਵਨ ਬਤੀਤ ਕਰ ਰਹੇ ਹਨ।

ਅਦਾਰਾ ਭਾਈ ਦਿੱਤ ਸਿੰਘ ਪੱਤ੍ਰਿਕਾ (ਮਾਸਿਕ, ਪੰਜਾਬੀ) ਵੱਲੋਂ ਬਾਬਾ ਨਾਨਕ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਕਵੀ ਦਰਬਾਰ ਤੇ ਸਨਮਾਨ ਸਮਾਰੋਹ ਦੇ ਸ਼ੁਭ ਮੌਕੇ ਅੱਜ ਮਿਤੀ 14 ਦਸੰਬਰ, 2019 ਸ਼ਨੀਵਾਰ ਨੂੰ ਆਪ ਜੀ ਦੀਆਂ ਪੰਜਾਬੀ ਮਾਂ ਬੋਲੀ, ਸਮਾਜ ਪ੍ਰਤੀ, ਪੰਜਾਬੀ ਸਭਿਆਚਾਰ, ਕੌਮ, ਸਿੱਖੀ ਅਤੇ ਗਿਆਨੀ ਦਿੱਤ ਸਿੰਘ ਜੀ ਦੀ ਸੋਚ ਤੇ ਡੱਟ ਕੇ ਪਹਿਰਾ ਦੇਣ ਵਰਗੀਆਂ ਸੇਵਾਵਾਂ ਨੂੰ ਮੁੱਖ ਰੱਖਦੇ ਹੋਏ ਆਪ ਜੀ ਨੂੰ '**ਫ਼ਖ਼ਰ-ਏ-ਕੌਮ ਗਿਆਨੀ ਦਿੱਤ ਸਿੰਘ ਜੀ ਅਵਾਰਡ-2019**' ਨਾਲ ਸਨਮਾਨਿਤ ਕਰਨ ਦੀ ਖੁਸ਼ੀ ਲੈ ਰਿਹਾ ਹੈ।

ਜਸਪਾਲ ਸਿੰਘ ਕੰਵਲ
ਸੰਪਾਦਕ/ਜਨਰਲ ਸਕੱਤਰ

ਪ੍ਰਿੰ: ਨਸੀਬ ਸਿੰਘ ਸੇਵਕ
ਮੁੱਖ ਸੰਪਾਦਕ/ਪ੍ਰਧਾਨ



(21 ਅਪ੍ਰੈਲ 1850 ਤੋਂ 6 ਸਤੰਬਰ 1901)

ੴ ਸਤਿਗੁਰ ਪ੍ਰਸਾਦਿ॥

ਅਦਾਰਾ ਭਾਈ ਦਿੱਤ ਸਿੰਘ ਪੱਤ੍ਰਿਕਾ (ਮਾਸਿਕ, ਪੰਜਾਬੀ) ਤੇ
ਗਿਆਨੀ ਦਿੱਤ ਸਿੰਘ ਮੈਮੋਰੀਅਲ ਇੰਟਰਨੈਸ਼ਨਲ ਸੁਸਾਇਟੀ (ਰਜਿ:) ਚੰਡੀਗੜ੍ਹ

ਮਾਨ-ਪੱਤਰ

ਉੱਘੇ ਸਮਾਜ ਸੇਵੀ ਤੇ ਸਾਂਝੇ ਨਾਇਕ



ਸ. ਸੁੱਚਾ ਸਿੰਘ ਕਲੌੜ ਦਾ ਜਨਮ ਗੁਰੂ ਤੇਗ ਬਹਾਦਰ ਸਾਹਿਬ ਦੀ ਛੋਹ ਪ੍ਰਾਪਤ ਤੇ ਪੰਥ ਰਤਨ ਗਿਆਨੀ ਦਿੱਤ ਸਿੰਘ ਜੀ ਦੀ ਜਨਮ ਭੂਮੀ ਪਿੰਡ ਕਲੌੜ (ਨੰਦਪੁਰ) ਜ਼ਿਲ੍ਹਾ ਫਤਹਿਗੜ੍ਹ ਸਾਹਿਬ ਵਿਖੇ ਪਿਤਾ ਸ. ਰਾਮ ਪ੍ਰਤਾਪ ਸਿੰਘ ਦੇ ਗ੍ਰਹਿ ਮਾਤਾ ਸਰਦਾਰਨੀ ਨਸੀਬ ਕੌਰ ਦੀ ਕੁੱਖੋਂ 5 ਜੂਨ, 1954 ਨੂੰ ਹੋਇਆ। ਦਸਵੀਂ ਤੱਕ ਦੀ ਵਿਦਿਆ ਸਰਕਾਰੀ ਹਾਈ ਸਕੂਲ ਕਲੌੜ ਤੋਂ ਪ੍ਰਾਪਤ ਕਰਨ ਉਪਰੰਤ ਉਚੇਰੀ ਵਿਦਿਆ ਮਾਤਾ ਗੁਜਰੀ ਕਾਲਜ, ਫਤਹਿਗੜ੍ਹ ਸਾਹਿਬ ਤੋਂ ਪ੍ਰਾਪਤ ਕੀਤੀ। ਆਪ ਬਚਪਨ ਤੋਂ ਹੀ ਸਿਰੜੀ, ਮਿਹਨਤੀ ਤੇ ਲਗਨ ਨਾਲ ਕੰਮ ਕਰਨ ਵਾਲੇ ਅਤੇ ਦੋਸਤਾਂ, ਮਿੱਤਰਾਂ ਨਾਲ ਮੇਲ ਮਿਲਾਪ ਰੱਖਣ ਲਈ ਜਾਣੇ ਜਾਂਦੇ ਹਨ। ਸਮਾਜ ਸੇਵਾ ਦੇ ਕਾਰਜਾਂ ਵਿੱਚ ਉਨ੍ਹਾਂ ਦੀ ਵਿਸ਼ੇਸ਼ ਰੁਚੀ ਰਹੀ ਹੈ।

ਮਈ 1976 ਵਿੱਚ ਪੰਜਾਬ ਦੇ ਸਭ ਤੋਂ ਵੱਡੇ ਦਫਤਰ ਪੰਜਾਬ ਸਿਵਲ ਸਕੱਤਰੇਤ ਵਿੱਚ ਬਤੌਰ ਕਲਰਕ ਨੌਕਰੀ ਸ਼ੁਰੂ ਕੀਤੀ। ਆਪਣੀ ਕੀਰਤੀ ਅਤੇ ਮਿਹਨਤ ਨਾਲ ਉਹ ਤਰੱਕੀ ਕਰਦੇ ਕਲਾਸ ਵਨ ਅਫਸਰ ਦੇ ਅਹੁਦੇ 'ਤੇ ਪਹੁੰਚੇ। ਨੌਕਰੀ ਦੌਰਾਨ ਹੀ ਆਪ ਨੇ ਸ਼ਾਮ ਦੀਆਂ ਕਲਾਸਾਂ ਜੁਆਇਨ ਕਰਕੇ ਸੰਨ 1982 ਵਿੱਚ ਪੰਜਾਬ ਯੂਨੀਵਰਸਿਟੀ ਤੋਂ ਬੀ.ਏ.,ਐਲ.ਐਲ.ਬੀ. ਦੀ ਪ੍ਰੋਫੈਸ਼ਨਲ ਡਿਗਰੀ ਹਾਸਲ ਕੀਤੀ।

ਇਹ ਬਹੁਤ ਹੀ ਗੌਰਵ ਵਾਲੀ ਗੱਲ ਹੈ ਕਿ ਆਪ ਅਦਾਰਾ ਭਾਈ ਦਿੱਤ ਸਿੰਘ ਪੱਤ੍ਰਿਕਾ ਨਾਲ ਸ਼ੁਰੂਆਤ ਤੋਂ ਹੀ ਜੁੜੇ ਹੋਏ ਹਨ ਅਤੇ ਪ੍ਰਬੰਧਕੀ ਸਲਾਹਕਾਰ ਬੋਰਡ ਦੇ ਸਰਗਰਮ ਮੈਂਬਰ ਹਨ। ਇੱਥੇ ਇਹ ਵਿਸ਼ੇਸ਼ ਤੌਰ 'ਤੇ ਵਰਣਨ ਯੋਗ ਹੈ ਕਿ ਆਪ ਪਿੰਡ ਰਹਿੰਦੇ ਹੋਏ ਤੇ ਚੰਡੀਗੜ੍ਹ ਸ਼ਿਫਟ ਹੋਣ ਤੋਂ ਬਾਅਦ ਹੁਣ ਤੱਕ ਪੰਥ ਰਤਨ ਗਿਆਨੀ ਦਿੱਤ ਸਿੰਘ ਦੇ ਝੰਡਾ ਬਰਦਾਰ ਸਮਾਜ ਸੇਵੀ ਜਥੇਦਾਰ ਬਖਸ਼ੀਸ਼ ਸਿੰਘ ਤੇ ਜਥੇਦਾਰ ਗੁਰਦਿਆਲ ਸਿੰਘ ਕੈੜੇ ਤੋਂ ਸਮਾਜ ਸੇਵਾ ਦੀ ਗੁੜ੍ਹਤੀ ਮਿਲੀ।

ਆਪ ਨੇ ਪੰਥ ਰਤਨ ਗਿਆਨੀ ਦਿੱਤ ਸਿੰਘ ਜੀ ਦੀ ਯਾਦਗਾਰੀ ਸਿੰਘ ਸਭਾ ਗੁਰਦੁਆਰਾ ਦੀ ਬਿਲਡਿੰਗ ਦੀ ਉਸਾਰੀ ਦੇ ਕਾਰਜਾਂ ਅਤੇ ਹੋਰ ਸਰਗਰਮੀਆਂ ਵਿੱਚ ਵੱਧ ਚੜ੍ਹ ਕੇ ਹਿੱਸਾ ਲਿਆ ਅਤੇ ਯੋਗ ਮਾਣ ਅਤੇ ਹੌਸਲਾ-ਹਫ਼ਜਾਈ ਖੱਟੀ। ਆਪ ਨੇ ਸਭ ਕਾਰਜਾਂ ਵਿੱਚ ਤਨੋਂ, ਮਨੋਂ ਤੇ ਧਨੋਂ ਵੱਧ-ਚੜ੍ਹ ਕੇ ਨਿਸ਼ਕਾਮ ਯੋਗਦਾਨ ਪਾਇਆ।

ਪਰਿਵਾਰ ਦੀਆਂ ਹੋਰ ਜ਼ਿਮੇਵਾਰੀਆਂ ਦੇ ਨਾਲ-ਨਾਲ ਆਪ ਨੇ ਪੰਜਾਬ ਸਿਵਲ ਸਕੱਤਰੇਤ ਵਿੱਚ ਮੁਲਾਜ਼ਮਾਂ ਦੀਆਂ ਜਥੇਬੰਦੀਆਂ ਦੀਆਂ ਸਰਗਰਮੀਆਂ ਅਤੇ ਸੰਘਰਸ਼ ਵਿੱਚ ਸਮੂਲੀਅਤ ਵੱਧ ਚੜ੍ਹ ਕੇ ਕੀਤੀ। ਟ੍ਰਾਈਸਿਟੀ ਹੀ ਨਹੀਂ ਬਲਕਿ ਪੰਜਾਬ ਦੇ ਪ੍ਰੈਸ ਮੀਡਿਆ ਵਿੱਚ ਚਰਚਾ 2004 ਤੋਂ ਉਦੋਂ ਸ਼ੁਰੂ ਹੋਈ ਜਦੋਂ ਆਪ ਸੈਕਟਰ 76-80 ਪਲਾਟ ਅਲਾਟਮੈਂਟ ਕਮੇਟੀ ਮੁਹਾਲੀ ਦੇ ਪ੍ਰਧਾਨ ਚੁਣੇ ਗਏ ਅਤੇ 4000 ਅਲਾਟੀਆਂ ਨੂੰ ਪਲਾਟ ਦਿਵਾਉਣ ਲਈ ਸੰਘਰਸ਼ ਦੀ ਅਗਵਾਈ ਕਰਕੇ ਸ਼ਲਾਘਾਯੋਗ ਸਫ਼ਲਤਾ ਪ੍ਰਾਪਤ ਕੀਤੀ। ਜਿੱਥੇ ਆਪ ਅਦਾਰਾ ਭਾਈ ਦਿੱਤ ਸਿੰਘ ਪੱਤ੍ਰਿਕਾ ਦੇ ਪ੍ਰਬੰਧਕੀ ਸਲਾਕਾਰ ਬੋਰਡ ਦੇ ਮੈਂਬਰ ਹਨ ਉਥੇ ਆਪ ਹੋਰ ਨਿਸ਼ਕਾਮ ਸਮਾਜ ਸੇਵੀ ਸੰਸਥਾਵਾਂ ਤੇ ਜਥੇਬੰਦੀਆਂ ਪੰਜਾਬ ਗੌਰਮਿੰਟ ਪੈਨਸ਼ਨਰਜ਼ ਐਸੋਸੀਏਸ਼ਨ, ਮੁਹਾਲੀ ਦੇ ਜਨਰਲ ਸਕੱਤਰ, ਸਿਟੀਜਨ ਵੈਲਫੇਅਰ ਅਤੇ ਡਿਵੈਲਪਮੈਂਟ ਕਮੇਟੀ, ਮੁਹਾਲੀ ਦੇ ਸੀਨੀਅਰ ਵਾਈਸ ਪ੍ਰਧਾਨ, ਸੈਕਟਰ 76-80 ਦੀ ਰੈਜ਼ੀਡੈਂਟ ਵੈਲਫੇਅਰ ਅਤੇ ਡਿਵੈਲਪਮੈਂਟ ਕਮੇਟੀ ਦੇ ਚੇਅਰਮੈਨ ਅਤੇ ਅਨੁਸੂਚਿਤ ਜਾਤੀਆਂ ਤੇ ਕਬੀਲਿਆਂ ਦੇ ਸੰਬੰਧ ਵਿੱਚ ਸਰਕਾਰ ਵਲੋਂ ਬਣਾਈ ਜ਼ਿਲ੍ਹਾ ਪੱਧਰੀ ਵਿਜੀਲੈਂਸ ਮੋਨਿਟਰਿੰਗ ਕਮੇਟੀ ਦੇ ਮੈਂਬਰ ਵੀ ਹਨ।ਆਪ ਹਰਫਨ ਮੌਲਾ ਆਗੂ ਦੇ ਤੌਰ 'ਤੇ ਤਨ ਦੇਹੀ ਨਾਲ ਨਿਸ਼ਕਾਮ ਸੇਵਾ ਨਿਭਾ ਰਹੇ ਹਨ। ਮਾਂ ਬੋਲੀ ਪੰਜਾਬੀ ਨੂੰ ਚੰਡੀਗੜ੍ਹ ਵਿੱਚ ਪਹਿਲੀ ਭਾਸ਼ਾ ਦਾ ਦਰਜਾ ਦਿਵਾਉਣ ਦੇ ਸੰਘਰਸ਼ ਦੌਰਾਨ ਆਪ 1 ਨਵੰਬਰ 2017 ਨੂੰ ਜੇਲ੍ਹ ਵੀ ਗਏ। ਆਪ ਨੇ ਗ੍ਰਹਿਸਤੀ ਜੀਵਨ ਦੀ ਸ਼ੁਰੂਆਤ 05 ਜੂਨ, 1983 ਨੂੰ ਬੀਬੀ ਬਖਸ਼ੀਸ਼ ਕੌਰ ਨਾਲ ਕੀਤੀ। ਬੀਬੀ ਬਖਸ਼ੀਸ਼ ਕੌਰ ਬਤੌਰ ਸੁਘੜ ਸਿਆਣੀ ਗ੍ਰਹਿਣੀ ਘਰ ਸੰਭਾਲ ਰਹੀ ਹੈ।

ਆਪ ਦੀ ਵੱਡੀ ਬੇਟੀ ਸ਼ਰਨਜੀਤ ਕੌਰ ਐਮ.ਐਸ.ਸੀ. (ਮੈਥਸ), ਬੀ.ਐਡ, ਛੋਟੀ ਬੇਟੀ ਰਵਨੀਤ ਕੌਰ ਐਮ.ਐਸ.ਸੀ. (ਮੈਥਸ), ਬੀ.ਐਡ, ਐਮ.ਐਡ, ਯੂ.ਜੀ.ਸੀ., ਨੈੱਟ ਦੀ ਤਾਲੀਮ ਹਾਸਲ ਕਰਕੇ ਸਰਕਾਰੀ ਅਧਿਆਪਕ ਦੇ ਤੌਰ ਤੇ ਸੇਵਾ ਨਿਭਾ ਰਹੀਆਂ ਹਨ। ਹੋਣਹਾਰ ਬੇਟਾ ਜ਼ੋਰਾਵਰ ਸਿੰਘ, ਬਾਰਾਥੀਆਰ ਯੂਨੀਵਰਸਿਟੀ ਕੋਐਂਬਟੂਰ ਤੋਂ ਬੀ.ਐਸ.ਸੀ. ਹੋਟਲ ਮੈਨੇਜਮੈਂਟ ਦੀ ਡਿਗਰੀ ਕਰ ਰਿਹਾ ਹੈ। ਆਪ ਜੂਨ 2012 ਵਿੱਚ ਪੰਜਾਬ ਸਿਵਲ ਸਕੱਤਰੇਤ ਤੋਂ ਸੇਵਾ ਮੁਕਤ ਹੋਏ ਤੇ ਸਮਾਜ ਭਲਾਈ ਦੇ ਕੰਮਾਂ ਵਿੱਚ ਜੁਟ ਗਏ। ਆਪ ਆਪਣੇ ਪਰਿਵਾਰ ਨਾਲ 369 ਸੈਕਟਰ 80 ਵਿੱਚ ਖੁਸ਼ੀਆਂ ਖੇੜਿਆਂ ਤੇ ਅਨੰਦਮਈ ਜੀਵਨ ਬਤੀਤ ਕਰ ਰਹੇ ਹਨ।

ਅਦਾਰਾ ਭਾਈ ਦਿੱਤ ਸਿੰਘ ਪੱਤ੍ਰਿਕਾ (ਮਾਸਿਕ ਪੰਜਾਬੀ) ਵਲੋਂ ਬਾਬਾ ਨਾਨਕ ਦੇ 550 ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਕਵੀ ਦਰਬਾਰ ਤੇ ਸਨਮਾਨ ਸਮਾਰੋਹ ਦੇ ਸ਼ੁਭ ਮੌਕੇ ਤੇ ਅੱਜ ਮਿਤੀ 14 ਦਸੰਬਰ, 2019 ਸ਼ਨੀਵਾਰ ਨੂੰ ਆਪ ਜੀ ਦੀਆਂ ਪੰਜਾਬੀ ਮਾਂ ਬੋਲੀ, ਪੰਜਾਬੀ ਸਭਿਆਚਾਰ, ਕੌਮ, ਸਿੱਖੀ ਤੇ ਸਮਾਜ ਪ੍ਰਤੀ ਸਿਰਲੱਥ ਤੇ ਨਿਸ਼ਕਾਮ ਸੇਵਾ ਅਤੇ ਗਿਆਨੀ ਦਿੱਤ ਸਿੰਘ ਜੀ ਦੀ ਸੋਚ ਤੇ ਡੱਟ ਕੇ ਪਹਿਰਾ ਦੇਣ ਵਰਗੀਆਂ ਸੇਵਾਵਾਂ ਨੂੰ ਮੁੱਖ ਰੱਖਦੇ ਹੋਏ ਆਪ ਜੀ ਨੂੰ **'ਫ਼ਖਰ-ਏ-ਕੌਮ ਗਿਆਨੀ ਦਿੱਤ ਸਿੰਘ ਜੀ ਅਵਾਰਡ-2019'** ਨਾਲ ਸਨਮਾਨਿਤ ਕਰਨ ਦੀ ਖੁਸ਼ੀ ਲੈ ਰਿਹਾ ਹੈ।

ਜਸਪਾਲ ਸਿੰਘ ਕੰਵਲ
ਸੰਪਾਦਕ/ ਜਨਰਲ ਸਕੱਤਰ

ਪ੍ਰਿੰ: ਨਸੀਬ ਸਿੰਘ ਸੇਵਕ
ਮੁੱਖ ਸੰਪਾਦਕ/ਪ੍ਰਧਾਨ

ੴ ਸਤਿਗੁਰ ਪ੍ਰਸਾਦਿ॥



ਅਦਾਰਾ ਭਾਈ ਦਿੱਤ ਸਿੰਘ ਪੱਤ੍ਰਿਕਾ (ਮਾਸਿਕ, ਪੰਜਾਬੀ) ਤੇ
ਗਿਆਨੀ ਦਿੱਤ ਸਿੰਘ ਮੈਮੋਰੀਅਲ ਇੰਟਰਨੈਸ਼ਨਲ ਸੁਸਾਇਟੀ (ਰਜਿ:) ਚੰਡੀਗੜ੍ਹ

ਮਾਨ-ਪੱਤਰ

(21 ਅਪ੍ਰੈਲ 1850 ਤੋਂ 6 ਸਤੰਬਰ 1901)

ਇਕ ਕਾਬਲ ਸਿਵਲ ਇੰਜੀਨੀਅਰ ਅਤੇ ਸਿਰਲੱਥ ਨਿਸ਼ਕਾਮ ਸਮਾਜ ਸੇਵੀ



ਸ. ਸੁਖਦੇਵ ਸਿੰਘ ਲਾਜ ਦਾ ਜਨਮ 05-01-1945 ਨੂੰ ਨਨਕਾਣਾ ਸਾਹਿਬ (ਹੁਣ ਪਾਕਿਸਤਾਨ ਵਿੱਚ) ਪਿਤਾ ਸ. ਜਗਤ ਸਿੰਘ ਤੇ ਮਾਤਾ ਲਾਜਵੰਤ ਕੌਰ ਦੇ ਗ੍ਰਹਿ ਵਿਖੇ ਹੋਇਆ। ਆਪ ਬਹੁਤ ਛੋਟੀ ਉਮਰ ਦੇ ਸਨ ਜਦੋਂ ਆਪ ਦੇ ਪਿਤਾ ਜੀ ਚਲਾਣਾ ਕਰ ਗਏ। ਵੰਡ ਤੋਂ ਬਾਅਦ ਆਪ ਲੁਧਿਆਣਾ ਆ ਗਏ ਅਤੇ ਗੁਰੂ ਨਾਨਕ ਇੰਜਨੀਰਿੰਗ ਕਾਲਜ, ਲੁਧਿਆਣਾ ਤੋਂ ਸਿਵਲ ਇੰਜਨੀਰਿੰਗ ਦਾ ਡਿਪਲੋਮਾ ਹਾਸਲ ਕੀਤਾ। ਆਪ ਪੀ.ਐਸ.ਈ.ਬੀ. ਵਿੱਚ ਨੌਕਰੀ ਕਰਕੇ 2003 ਵਿੱਚ ਬਤੌਰ ਐਸ.ਡੀ.ਓ. ਬੇਦਾਗ ਰਿਟਾਇਰ ਹੋਏ। ਰਿਟਾਇਰਮੈਂਟ ਤੋਂ ਬਾਅਦ ਉਨ੍ਹਾਂ ਨੇ ਆਪਣਾ ਜੀਵਨ ਸਮਾਜ ਸੇਵਾ ਅਤੇ ਸਿੱਖੀ ਦੇ ਉਥਾਨ ਲਈ ਸਮਰਪਿਤ ਕਰ ਦਿੱਤਾ। ਧਰਮ ਤੇ ਸਮਾਜ ਸੇਵਾ ਦੇ ਕੰਮਾਂ ਨੂੰ ਅੱਗੇ ਵਧਾਉਣ ਲਈ ਆਪ 'ਗੁਰਮਤਿ ਪ੍ਰਚਾਰ ਸੁਸਾਇਟੀ, ਸਿੱਖ ਮਿਸ਼ਨਰੀ ਕਾਲਜ ਅਤੇ ਵਰਡ ਸਿੱਖ ਆਰਗੇਨਾਈਜ਼ੇਸਨ ਜਿਹੀਆਂ ਜੱਥੇਬੰਦੀਆਂ ਨਾਲ ਜੁੜ ਗਏ। ਜਦੋਂ ਅਕਾਲ ਤਖਤ ਦੇ ਜਥੇਦਾਰ ਸਾਹਿਬ ਨੇ ਸਰਹੰਦ ਫਤਹਿ ਦਿਵਸ ਦੇ ਮੌਕੇ ਤੇ ਭਾਸ਼ਣ ਵਿੱਚ ਕਿਹਾ ਕਿ ਹਰ ਇੱਕ ਗੁਰਦੁਆਰਾ ਸਾਹਿਬ ਨੂੰ ਆਪਣੀ ਆਮਦਨ ਦਾ 5 % ਹਿੱਸਾ ਸਿਖਿਆ ਦੇ ਖੇਤਰ ਲਈ ਰੱਖਣਾ ਚਾਹੀਦਾ ਹੈ ਤਾਂ ਉਨ੍ਹਾਂ ਗੁਰਦੁਆਰਾ ਸਿੰਘ ਸਭਾ ਸਰਾਭਾ ਨਗਰ ਲੁਧਿਆਣਾ ਦੇ ਪ੍ਰਬੰਧਕ ਕਮੇਟੀ ਦੇ ਮੈਂਬਰ ਹੁੰਦਿਆਂ ਹੋਇਆਂ ਇਹ ਪ੍ਰੈਕਟਿਸ ਸ਼ੁਰੂ ਕੀਤੀ। ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੀ ਸਹਾਇਤਾ ਨਾਲ ਲੁਧਿਆਣਾ ਅਤੇ ਹੋਰ ਥਾਵਾਂ ਤੇ ਆਪ ਨੇ ਇਹ ਇਕ ਲਹਿਰ ਬਣਾ ਦਿੱਤੀ।

ਆਪ ਇਕ ਸਿੱਖ ਰੋਲ ਮਾਡਲ ਹਨ ਕਿਉਂਕਿ ਆਪ ਸਿਕਲੀਗਰਾਂ, ਵਣਜਾਰਿਆ, ਸਤਿਨਾਮੀਆਂ ਅਤੇ ਹੋਰ ਅਜਿਹੇ ਕਬੀਲਿਆਂ, ਨੂੰ ਮੁੱਖ ਧਾਰਾ ਵਿੱਚ ਲਿਆਉਣ ਲਈ ਸੁਹਿਰਦ ਯਤਨ ਕਰ ਰਹੇ ਹਨ। ਆਪ ਨੇ ਸਿੱਖੀ ਦੀ ਇਸ ਸਮੱਸਿਆ ਬਾਰੇ ਸਿੱਖ ਲੀਡਰ ਅਤੇ ਜਥੇਬੰਦੀਆਂ ਦਾ ਧਿਆਨ ਖਿੱਚਣ ਲਈ ਪਹਿਲ ਕੀਤੀ ਅਤੇ ਇਹ ਉਨ੍ਹਾਂ ਦੀਆਂ ਕੋਸ਼ਿਸ਼ਾਂ ਦਾ ਹੀ ਨਤੀਜਾ ਸੀ ਕਿ ਇਨ੍ਹਾਂ ਲੋਕਾਂ ਦੀ ਤਰਸਯੋਗ ਹਾਲਤ ਬਾਰੇ ਇਕ ਕਿਤਾਬ ਕੱਢੀ ਗਈ ਤੇ ਸੀ.ਡੀ. ਵੀ ਤਿਆਰ ਕੀਤੀ ਗਈ। ਇਨ੍ਹਾਂ ਦੀ ਵਿਦਿਆ ਦੇ ਪ੍ਰਬੰਧ ਲਈ ਲੁਧਿਆਣਾ ਵਿਖੇ ਸ੍ਰੀ ਗੁਰੂ ਅੰਗਦ ਦੇਵ ਸੇਵਾ ਸੁਸਾਇਟੀ ਦੁਆਰਾ ਸਕੂਲ ਦੀ ਸਥਾਪਨਾ ਕੀਤੀ ਗਈ ਹੈ। ਆਪ ਦੀਆਂ ਅਜਿਹੀਆਂ ਸੇਵਾਵਾਂ ਨੂੰ ਮੁੱਖ ਰੱਖਦੇ ਹੋਏ ਬਹੁਤ ਸਾਰੀਆਂ ਜਥੇਬੰਦੀਆਂ ਨੇ ਆਪ ਜੀ ਨੂੰ ਸਨਮਾਨਿਤ ਕੀਤਾ ਹੈ, ਜਿਨ੍ਹਾਂ ਵਿਚੋਂ ਅਲੱਗ ਸ਼ਬਦ ਯੋਗ ਇੰਟਰਨੈਸ਼ਨਲ ਚੈਰੀਟੇਬਲ ਟਰੱਸਟ, ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ, ਕੇਸ ਸੰਭਾਲ ਪ੍ਰਚਾਰ ਸੰਸਥਾ, ਦਿੱਲੀ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਖਾਸ ਹਨ।

ਇਹ ਵਿਸ਼ੇਸ਼ ਤੌਰ 'ਤੇ ਵਰਨਣ ਯੋਗ ਹੈ ਕਿ ਲਾਜ ਸਾਹਿਬ ਨੇ ਜਨਵਰੀ 2001 ਵਿੱਚ ਪ੍ਰਿੰ: ਨਸੀਬ ਸਿੰਘ ਸੇਵਕ ਨਾਲ ਰਾਬਤਾ ਕਾਇਮ ਕੀਤਾ ਅਤੇ ਉਨ੍ਹਾਂ ਦੀਆਂ ਕੋਸ਼ਿਸ਼ਾਂ ਕਾਰਨ ਹੀ ਗਿਆਨੀ ਦਿੱਤ ਸਿੰਘ ਜੀ ਦੀ 100 ਵੀਂ ਯਾਦ ਸੰਨ 2001 ਵਿੱਚ ਵਿਸ਼ਵ ਪੱਧਰ 'ਤੇ ਮਨਾਈ ਗਈ। ਇਸ ਦੇ ਨਾਲ ਹੀ ਗਿਆਨੀ ਦਿੱਤ ਸਿੰਘ ਮੈਮੋਰੀਅਲ ਇੰਟਰਨੈਸ਼ਨਲ ਸੁਸਾਇਟੀ ਹੋਂਦ ਵਿੱਚ ਆਈ ਅਤੇ ਭਾਈ ਦਿੱਤ ਸਿੰਘ ਪੱਤ੍ਰਿਕਾ (ਮਾਸਿਕ, ਪੰਜਾਬੀ) ਜਿਵੇਂ ਕਿ ਉਨ੍ਹਾਂ ਦੀ ਦਿਲੀ ਇੱਛਾ ਸੀ, ਜਨਵਰੀ 2010 ਤੋਂ ਸ਼ੁਰੂ ਕੀਤੀ ਗਈ ਜੋ ਨਿਰੰਤਰ ਜਾਰੀ ਹੈ।

ਅਦਾਰਾ ਭਾਈ ਦਿੱਤ ਸਿੰਘ ਪੱਤ੍ਰਿਕਾ (ਮਾਸਿਕ, ਪੰਜਾਬੀ) ਵਲੋਂ ਬਾਬਾ ਨਾਨਕ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਕਵੀ ਦਰਬਾਰ ਤੇ ਸਨਮਾਨ ਸਮਾਰੋਹ ਦੇ ਸ਼ੁਭ ਮੌਕੇ ਅੱਜ ਮਿਤੀ 14 ਦਸੰਬਰ, 2019 ਸ਼ਨੀਵਾਰ ਨੂੰ ਆਪ ਜੀ ਦੀਆਂ ਪੰਜਾਬੀ ਮਾਂ ਬੋਲੀ, ਸਮਾਜ ਪ੍ਰਤੀ, ਪੰਜਾਬੀ ਸਭਿਆਚਾਰ, ਕੌਮ, ਸਿੱਖੀ ਅਤੇ ਗਿਆਨੀ ਦਿੱਤ ਸਿੰਘ ਜੀ ਦੀ ਸੋਚ ਤੇ ਡੱਟ ਕੇ ਪਹਿਰਾ ਦੇਣ ਵਰਗੀਆਂ ਸੇਵਾਵਾਂ ਨੂੰ ਮੁੱਖ ਰੱਖਦੇ ਹੋਏ ਆਪ ਜੀ ਨੂੰ **'ਫ਼ਖ਼ਰ-ਏ-ਕੌਮ ਗਿਆਨੀ ਦਿੱਤ ਸਿੰਘ ਜੀ ਅਵਾਰਡ-2019'** ਨਾਲ ਸਨਮਾਨਿਤ ਕਰਨ ਦੀ ਖੁਸ਼ੀ ਲੈ ਰਿਹਾ ਹੈ।

ਜਸਪਾਲ ਸਿੰਘ ਕੰਵਲ
ਸੰਪਾਦਕ/ ਜਨਰਲ ਸਕੱਤਰ

ਪ੍ਰਿੰ: ਨਸੀਬ ਸਿੰਘ ਸੇਵਕ
ਮੁੱਖ ਸੰਪਾਦਕ/ਪ੍ਰਧਾਨ

ਪ੍ਰੈਸ ਨੋਟ



ਜਸਪਾਲ ਸਿੰਘ ਕੰਵਲ

ਗੁਰੂ ਨਾਨਕ ਦੇਵ ਜੀ ਦੇ 550 ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਕਵੀ ਦਰਬਾਰ ਤੇ ਸਨਮਾਨ ਸਮਾਰੋਹ - ਮਿਤੀ 14, ਦਿਸੰਬਰ 2019

ਚਾਰ ਅਹਿਮ ਸਖਸ਼ੀਅਤਾਂ ਨੂੰ ਫ਼ਖ਼ਰ-ਏ-ਕੌਮ ਗਿਆਨੀ ਦਿੱਤ ਸਿੰਘ ਅਵਾਰਡ 2019' ਨਾਲ ਸਨਮਾਨਿਤ

ਅਦਾਰਾ ਭਾਈ ਦਿੱਤ ਸਿੰਘ ਪੱਤ੍ਰਿਕਾ (ਮਾਸਿਕ, ਪੰਜਾਬੀ) ਤੇ ਗਿਆਨੀ ਦਿੱਤ ਸਿੰਘ ਮੈਮੋਰੀਅਲ ਇੰਟਰਨੈਸ਼ਨਲ ਸੁਸਾਇਟੀ (ਰਜਿ.) ਚੰਡੀਗੜ੍ਹ ਵੱਲੋਂ ਗੁਰਦੁਆਰਾ ਸ੍ਰੀ ਧੰਨਾ ਭਗਤ ਜੀ, ਫੇਸ 8, ਸੈਕਟਰ 51, ਮੁਹਾਲੀ ਦੇ ਸਹਿਯੋਗ ਨਾਲ ਜਗਤ ਗੁਰੂ, ਬਾਬਾ ਨਾਨਕ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਕਵੀ ਦਰਬਾਰ ਤੇ ਸਨਮਾਨ ਸਮਾਰੋਹ 14 ਦਿਸੰਬਰ, 2019 ਦਿਨ ਸ਼ਨੀਵਾਰ ਨੂੰ ਕਰਵਾਇਆ ਗਿਆ। ਇਸ ਸਮਾਗਮ ਵਿੱਚ ਚਾਰ ਅਹਿਮ ਸਖਸ਼ੀਅਤਾਂ ਇੰਜ. ਸੁਖਦੇਵ ਸਿੰਘ ਲਾਜ ਲੁਧਿਆਣਾ, ਹਰੀ ਸਿੰਘ ਕੈੜੇ, ਜਸਪਾਲ ਸਿੰਘ ਕਲੌੜ ਤੇ ਸੁੱਚਾ ਸਿੰਘ ਕਲੌੜ ਨੂੰ ਉਨ੍ਹਾਂ ਦੀਆਂ ਪੰਜਾਬੀ ਮਾਂ ਬੋਲੀ, ਪੰਜਾਬੀਅਤ, ਸਿੱਖੀ, ਸਮਾਜ ਤੇ ਗਿਆਨੀ ਦਿੱਤ ਸਿੰਘ ਜੀ ਦੀ ਸੋਚ ਤੇ ਪਹਿਰਾ ਦੇਣ ਵਰਗੀਆਂ ਸੇਵਾਵਾਂ ਨੂੰ ਮੁੱਖ ਰੱਖਦੇ ਹੋਏ 'ਫ਼ਖ਼ਰ-ਏ-ਕੌਮ ਗਿਆਨੀ ਦਿੱਤ ਸਿੰਘ ਅਵਾਰਡ 2019' ਨਾਲ ਸਨਮਾਨਿਤ ਕੀਤਾ ਗਿਆ। ਕਵੀ ਦਰਬਾਰ ਵਿੱਚ ਟਰਾਈ ਸਿਟੀ ਦੇ ਉੱਘੇ ਕਵੀਆਂ ਸ਼੍ਰੋਮਣੀ ਸਾਹਿਤਕਾਰ ਮਨਮੋਹਨ ਸਿੰਘ ਦਾਊਂ, ਸੇਵੀ ਰਾਇਤ, ਢਾਡੀ ਜਸਪਾਲ ਸਿੰਘ ਤਾਨ ਫਤਿਹਗੜ੍ਹ ਸਾਹਿਬ, ਪ੍ਰਿੰਸੀਪਲ ਨਸੀਬ ਸਿੰਘ ਸੇਵਕ ਮੁੱਖ ਸੰਪਾਦਕ ਤੇ ਪ੍ਰਧਾਨ, ਭਗਤ ਰਾਮ ਰੰਘਾੜਾ, ਗੀਤਕਾਰ ਬਲਜੀਤ ਸਿੰਘ ਫਿਡਿਆਂਵਾਲਾ, ਸਾਹਿਤਕਾਰ ਬੀਬੀ ਦਲਜੀਤ ਕੌਰ ਦਾਊਂ, ਦਰਸ਼ਨ ਤਿਉਣਾ, ਗੁਰਦਰਸ਼ਨ ਸਿੰਘ ਮਾਵੀ, ਕਰਮਜੀਤ ਸਿੰਘ ਬੱਗਾ, ਗੁਰਮੇਲ ਸਿੰਘ ਸਿੱਧੂ ਤੇ ਜਸਪਾਲ ਸਿੰਘ ਕੰਵਲ ਨੇ ਗੁਰੂ ਨਾਨਕ ਦੇਵ ਜੀ ਬਾਰੇ ਆਪੋ ਆਪਣੀਆਂ ਕਵਿਤਾਵਾਂ ਨਾਲ ਰੰਗ ਬੰਨ੍ਹਿਆ। ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਬਾਬਾ ਸੁਰਿੰਦਰ ਸਿੰਘ, ਪ੍ਰਿੰਸੀਪਲ ਨਸੀਬ ਸਿੰਘ ਸੇਵਕ ਤੇ ਸਿੱਖ ਐਂਕਰ ਹਨਵੰਤ ਸਿੰਘ ਪਟਿਆਲਾ ਨੇ ਸਿੱਖੀ ਦੇ ਵਰਤਮਾਨ ਸਮੇਂ ਦੇ ਹਾਲਾਤਾਂ ਤੇ ਬਾਬਾ ਨਾਨਕ ਦੇ ਉਪਦੇਸ਼ਾਂ ਦੀ ਅਜੋਕੇ ਸਮੇਂ ਵਿੱਚ ਸਾਰਥਿਕਤਾ ਬਾਰੇ ਚਰਚਾ ਕੀਤੀ। ਕਵੀ ਸਹਿਬਾਨ ਨੂੰ ਅਦਾਰੇ ਵਲੋਂ ਮੋਮੈਂਟੋ ਨਾਲ ਸਨਮਾਨਿਤ ਕੀਤਾ ਗਿਆ। ਹਾਜ਼ਰੀਨ ਵਿੱਚ ਹੋਰਨਾਂ ਤੋਂ ਇਲਾਵਾ ਸਾਬਕਾ ਡੀ.ਪੀ. ਆਈ (ਪੰਜਾਬ) ਪ੍ਰੀਤਮ ਸਿੰਘ ਭੁਪਾਲ, ਡਾ. ਹੇਮ ਰਾਜ ਵੋਹਰਾ, ਕ੍ਰਿਸ਼ਨ ਰਾਹੀ, ਧਨਵੰਤ ਸਿੰਘ ਗੱਤਕਾ ਮਾਸਟਰ ਜਗਾਧਰੀ ਵਰਕਸ਼ਾਪ, ਸਵਰਨ ਸਿੰਘ ਰੰਗੜਾ, ਸਨਸ਼ਾਈਨ ਕੰਵਲ ਲੁਧਿਆਣਾ, ਆਸ਼ਾ ਵਾਲੀਆ, ਸ਼੍ਰੀਮਤੀ ਮਾਵੀ, ਅਵਤਾਰ ਸਿੰਘ, ਗੁਰਪ੍ਰੀਤ ਵਾਲੀਆ ਤੇ ਸਿਮਰਨ ਵਾਲੀਆ ਨੇ ਸ਼ਿਰਕਤ ਕਰਕੇ ਸਮਾਗਮ ਦੀ ਸ਼ੋਭਾ ਵਧਾਈ। ਜਸਪਾਲ ਸਿੰਘ ਕੰਵਲ ਸੰਪਾਦਕ ਤੇ ਜਨਰਲ ਸਕੱਤਰ ਨੇ ਸਟੇਜ ਸਕੱਤਰ ਦੀ ਭੂਮਿਕਾ ਬਾਖੂਬੀ ਨਿਭਾਈ। ਇਹ ਕਵੀ ਦਰਬਾਰ ਤੇ ਸਨਮਾਨ ਸਮਾਰੋਹ ਕੁੱਲ ਮਿਲਾ ਕੇ ਸਫਲ ਤੇ ਚੜ੍ਹਦੀ ਕਲਾ ਵਾਲਾ ਹੋ ਨਿਬੜਿਆ।

89689-68397

****

ਦੇਖੋ ਮੂਰਖ ਦੇਸ ਅਸਾਡਾ ਕਿਕੁਰ ਡੁਬਦਾ ਜਾਂਦਾ॥
ਸੱਪਾਂ ਕੁੱਤਿਆਂ ਬਿਲਿਆਂ ਕਾਵਾਂ ਪੀਰ ਬਨਾਂਦਾ॥
ਕਹਨ ਢੂਮੇ ਸੁਖ ਕੜਾਹੀ ਮੋਟੇ ਰੋਟ ਪਕਾਵਨ॥
ਪੂਜਨ ਸੇਵਾਂ ਗੁੱਗੇ ਮਾੜੀ ਘਰ ਦੀ ਨਾਰਾਂ ਜਾਵਨ॥

14 ਦਸੰਬਰ, 2019 ਨੂੰ ਅਦਾਰਾ ਭਾਈ ਦਿੱਤ ਸਿੰਘ ਪੱਤ੍ਰਿਕਾ (ਮਾਸਿਕ,ਪੰਜਾਬੀ) ਤੇ ਗਿਆਨੀ ਦਿੱਤ ਸਿੰਘ ਮੈਮੋਰੀਅਲ ਇੰਟਰਨੈਸ਼ਨਲ ਸੁਸਾਇਟੀ (ਰਜਿ:) ਵਲੋਂ ਗੁਰਦੁਆਰਾ ਸ੍ਰੀ ਧੰਨਾ ਭਗਤ ਫੇਸ 8 ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ) ਵਿਖੇ ਕਰਵਾਏ ਕਵੀ ਦਰਬਾਰ ਤੇ ਸਨਮਾਨ ਸਮਾਰੋਹ ਦੀਆਂ ਝਲਕੀਆਂ।













Registration No. R.N.I. CHAPUN/2010/33423, P.O. REGD. No CHD/0144/2020-22 Posted at M.B.U. CHD

ਬਾਬਾ ਨਾਨਕ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਪੁਆਧੀ ਪੰਜਾਬੀ ਸੱਥ ਮੁਹਾਲੀ ਵਲੋਂ 01 ਦਸੰਬਰ, 2019 ਨੂੰ ਕਰਵਾਏ ਸਨਮਾਨ ਸਮਾਰੋਹ ਵਿੱਚ ਪ੍ਰਿੰ: ਨਸੀਬ ਸਿੰਘ ਸੇਵਕ ਨੂੰ ਸਾਹਿਤਕਾਰ ਗੁਰਬਖਸ਼ ਸਿੰਘ ਕੇਸਰੀ ਪੁਰਸਕਾਰ ਮਿਲਣ ਸਮੇਂ ਦੀਆਂ ਝਲਕੀਆਂ।





ਮੁੱਖ ਮਹਿਮਾਨ ਸ. ਕਾਹਨ ਸਿੰਘ ਪੰਨੂ ਆਈ.ਏ.ਐਸ., ਪੁਆਧੀ ਸੱਥ ਮੁਹਾਲੀ ਦੇ ਮੁੱਖੀ ਸ. ਮਨਮੋਹਨ ਸਿੰਘ ਦਾਊਂ ਅਤੇ ਸਨਮਾਨਿਤ ਸਖਸ਼ੀਅਤਾਂ ਨਾਲ – ਮਿਤੀ 01.12.2019

IF UN-DELIVERED PLEASE RETURN TO:- BHAI DIT SINGH PATRIKA, # 712 APC, KAJHERI, CHANDIGARH - 160036